ਅੱਜ ਦੀ ਆਵਾਜ਼

ਆਸਟਰੇਲੀਆ 'ਚ ਕਤਲ ਹੋਏ ਦੋ ਸਕੇ ਭਰਾਵਾਂ ਦੇ ਘਰ

ਬਾਦਲ ਅਫਸੋਸ ਪ੍ਰਗਟ ਕਰਨ ਲਈ ਸੁਨਾਮ ਪਹੁੰਚੇ

ਸੁਨਾਮ, 13 ਫਰਵਰੀ (ਵਿਕਾਸ)-ਆਸਟਰੇਲੀਆ ਵਿੱਚ ਮਾਰੇ ਗਏ ਸੁਨਾਮ ਸ਼ਹਿਰ ਦੇ ਦੋ ਨੌਜਵਾਨ ਭਾਈਆਂ ਦੇ ਘਰ ਸ਼ੋਕ ਪ੍ਰਗਟ ਕਰਨ ਮੁੱਖ ਮੰਤਰੀ ਪੰਜਾਬ ਸ੍. ਪ੍ਰਕਾਸ਼ ਸਿੰਘ ਬਾਦਲ ਅਤੇ ਲੋਕ ਨਿਰਮਾਣ ਮੰਤਰੀ ਪੰਜਾਬ ਸ੍. ਪਰਮਿੰਦਰ ਸਿੰਘ ਢੀਂਡਸਾ ਪਹੁੰਚੇ। ਇਸ ਦੌਰਾਨ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਮ੍ਰਿਤਕਾਂ ਦੇ ਪਿਤਾ ਸ੍. ਸਵਰਨ ਸਿੰਘ ਅਤੇ ਭੈਣ ਅਮਨਦੀਪ ਕੌਰ ਨੂੰ ਸੰਤਾਵਨਾ ਦਿੰਦੇ ਹੋਏ ਜ਼ਿਆਦਾ ਤੋਂ ਜ਼ਿਆਦਾ ਮਦਦ ਕਰਨ ਦਾ ਭਰੋਸਾ ਦਿੱਤਾ। ਇਸ ਦੌਰਾਨ ਮੀਡੀਆ ਨਾਲ ਗੱਲਬਾਤ ਕਰਦਿਆਂ ਹੋਏ ਸ੍. ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਪੰਜਾਬ ਸਰਕਾਰ ਦੋਨਾਂ ਯੁਵਕਾਂ ਦੀਆਂ ਮ੍ਰਿਤਕ ਦੇਹਾਂ ਭਾਰਤ ਲਿਆਉਣ ਲਈ ਕੇਂਦਰ ਸਰਕਾਰ ਉੱਤੇ ਦਬਾਅ ਬਣਾ ਰਹੀ ਹੈ। ਉਨ੍ਹਾਂ ਨੇ ਆਸਟਰੇਲੀਆ ਵਿੱਚ ਵਿਦਿਆਰਥੀਆਂ ਉੱਤੇ ਹੋ ਰਹੇ ਹਮਲਿਆਂ ਉੱਤੇ ਟਿਪਣੀਆਂ ਕਰਦਿਆਂ ਕਿਹਾ ਕਿ ਇਸ ਮਾਮਲੇ ਵਿੱਚ ਸਿਰਫ ਕੇਂਦਰ ਸਰਕਾਰ ਹੀ ਦਖਲ ਦੇ ਸਕਦੀ ਹੈ। ਰਾਜ ਸਰਕਾਰ ਸਿੱਧਾ ਆਸਟਰੇਲੀਆ ਸਰਕਾਰ ਨਾਲ ਇਨ੍ਹਾਂ ਹਮਲਿਆਂ ਬਾਬਤ ਸਿੱਧੀ ਗੱਲਬਾਤ ਨਹੀਂ ਕਰ ਸਕਦੀ। ਫਿਰ ਵੀ ਅਸੀਂ ਕੇਂਦਰ ਸਰਕਾਰ ਉੱਤੇ ਲਗਾਤਾਰ ਦਬਾਅ ਬਣਾ ਰੱਖਿਆ ਹੈ ਕਿ ਉਹ ਆਸਟਰੇਲੀਆ ਸਰਕਾਰ ਨਾਲ ਗੱਲਬਾਤ ਕਰਦਿਆਂ ਹੋਇਆਂ ਉਸ ਨੂੰ ਇਸ ਮਸਲੇ ਵਿੱਚ ਕੜੇ ਕਦਮ ਉਠਾਉਣ ਲਈ ਮਜਬੂਰ ਕਰੇ। ਉਨ੍ਹਾਂ ਨੇ ਕਿਹਾ ਕਿ ਮ੍ਰਿਤਕਾਂ ਦੇ ਪਰਿਵਾਰ ਵਾਲਿਆਂ ਨੂੰ ਪਹਿਲਾਂ ਹੀ ਪੰਜਾਬ ਸਰਕਾਰ ਵੱਲੋਂ ਪੰਜ-ਪੰਜ ਲੱਖ ਰੁਪਏ ਦੇਣ ਦਾ ਐਲਾਨ ਕੀਤਾ ਜਾ ਚੁੱਕਾ ਹੈ ਅਤੇ ਹੋਰ ਵੀ ਕੋਈ ਮਦਦ ਪੰਜਾਬ ਸਰਕਾਰ ਵੱਲੋਂ ਹੋ ਸਕਦੀ ਹੈ ਅਸੀਂ ਜ਼ਰੂਰ ਕਰਾਂਗੇ। ਉਨ੍ਹਾਂ ਦਿਲਾਸਾ ਦਿੰਦਿਆਂ ਕਿਹਾ ਕਿ ਉਹ ਆਪਣੀ ਪੜ੍ਹਾਈ ਪੂਰੀ ਕਰੇ, ਪੰਜਾਬ ਸਕਾਰ ਵੱਲੋਂ ਉਸ ਦੀ ਮਦਦ ਜ਼ਰੂਰ ਕੀਤੀ ਜਾਵੇਗੀ। ਇਸ ਮੌਕੇ ਤੇ ਨਗਰ ਪ੍ਰਧਾਨ ਬਘੀਰਥ ਰਾਏ ਗੀਰਾ, ਡਿਪਟੀ ਕਮਿਸ਼ਨਰ ਸੰਗਰੂਰ, ਹਰਕੇਸ਼ ਸਿੰਘ ਸਿੱਧੂ, ਪੰਜਾਬ ਆੜ੍ਹਤੀਆ ਐਸੋਸੀਏਸ਼ਨ ਦੇ ਪ੍ਰਧਾਨ ਰਵਿੰਦਰ ਸਿੰਘ ਚੀਮਾ, ਸੂਬੇਦਾਰ ਗਿਆਨੀ ਰਘਵੀਰ ਸਿੰਘ, ਪ੍ਰੇਮ ਗੁਗਲਾਨੀ ਆਦਿ ਹਾਜ਼ਰ ਸਨ।

ਚਾਵਲਾ ਵੱਲੋਂ ਸਰਕਾਰੀ ਹਸਪਤਾਲ ਭਦੌੜ ਦਾ ਅਚਨਚੇਤ ਦੌਰਾ

ਭਦੌੜ 13 ਫਰਵਰੀ (ਰਾਕੇਸ਼ ਗਰਗ ਰੌਕੀ)-ਪੰਜਾਬ ਦੀ ਸਿਹਤ ਮੰਤਰੀ ਲਕਸ਼ਮੀ ਕਾਂਤਾ ਚਾਵਲਾ ਨੇ ਅੱਜ ਸਰਕਾਰੀ ਹਸਪਤਾਲ ਭਦੌੜ ਦਾ ਅਚਨਚੇਤ ਦੌਰਾ ਕੀਤਾ। ਸ੍ਰੀਮਤੀ ਚਾਵਲਾ ਨੇ ਹਸਪਤਾਲ ਦੇ ਹਰ ਵਾਰਡ ਦੀ ਚੈਕਿੰਗ ਕੀਤੀ ਅੇਤ ਦਾਖਲ ਮਰੀਜ਼ਾਂ ਦਾ ਆਪ ਹਾਲ-ਚਾਲ ਪੁੱਛਿਆ। ਇਸ ਮੌਕੇ ਪੱਤਰਕਾਰਾਂ ਦੇ ਇੱਕ ਸਵਾਲ ਕਿ ਹਸਪਤਾਲ ਵਿੱਚ ਕਾਗਜ਼ਾਂ ਵਿੱਚ ਤਾਂ ਪੰਜ ਮੈਡੀਕਲ ਅਫਸਰ ਹਨ ਜਦ ਕਿ ਲੰਮੇ ਸਮੇਂ ਤੋਂ ਡਾ. ਸਤਵੰਤ ਸਿੰਘ ਔਜਲਾ ਅਤੇ ਡਾ. ਗੁਰਮਿੰਦਰ ਕੌਰ ਔਜਲਾ ਮੈਡੀਕਲ ਅਫਸਰ ਦੋਵੇਂ ਹੀ ਹਸਪਤਾਲ ਚਲਾ ਰਹੇ ਹਨ ਤਾਂ ਉਨ੍ਹਾਂ ਡਾ.ਔਜਲਾ ਦੀਆਂ ਸੇਵਾਵਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਸੇਵਾ ਭਾਵਨਾ ਵਾਲੇ ਡਾਕਟਰ ਸਾਰੇ ਸਰਰਕਾਰੀ ਹਸਪਤਾਲਾਂ ਵਿੱਚ ਹੋਣ ਤਾਂ ਲੋਕਾਂ ਨੂੰ ਬਹੁਤ ਦਿੱਕਤਾਂ ਤੋਂ ਛੁਟਕਾਰਾ ਮਿਲ ਜਾਂਦਾ ਹੈ। ਸ੍ਰੀਮਤੀ ਚਾਵਲਾ ਨੇ ਪੱਤਰਕਾਰਾਂ ਨੂੰ ਦੱਸਿਆ ਕਿ 31 ਮਾਰਚ 2010 ਤੱਕ ਇਸ ਹਸਪਤਾਲ ਨੂੰ ਦੋ ਮੈਡੀਕਲ ਅਫਸਰ ਹਰ ਹਾਲਤ ਵਿੱਚ ਨਿਯੁਕਤ ਕੀਤੇ ਜਾਣਗੇ। ਜਦੋਂ ਪੱਤਰਕਾਰਾਂ ਨੇ ਸ੍ਰੀਮਤੀ ਚਾਵਲਾ ਨੂੰ ਫਿਰ ਦੁਹਰਾਇਆ ਕਿ ਡਾਕਟਰਾਂ ਦੀ ਘਾਟ ਜਲਦੀ ਪੂਰੀ ਕਰ ਦਿੱਤੀ ਜਾਵੇਗੀ ਜਾਂ ਫਿਰ ਇੱਕ ਸੰਟਟ ਹੀ ਸਮਝਿਆ ਜਾਵੇ, ਤਾਂ ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਮੈਂ ਜੋ ਕਰਨਾ ਹੁੰਦਾ ਹੈ, ਉਹੀ ਕਹਿੰਦੀ ਹਾਂ ਇਸ ਲਈ ਭਦੌੜ ਹਸਪਤਾਲ ਲਈ ਡਾਕਟਰਾਂ ਦੀ ਘਾਟ ਹਰ ਹਾਲਤ ਵਿੱਚ ਦੂਰ ਕਰ ਦਿੱਤੀ ਜਾਵੇਗੀ। ਇਸ ਮੌਕੇ ਮੈਡੀਕਲ ਅਫਸਰ ਡਾ. ਸਤਵੰਤ ਸਿੰਘ ਔਜਲਾ, ਡਾ. ਗੁਰਮਿੰਦਰ ਕੌਰ ਔਜਲਾ, ਫਾਰਮਾਸਿਸਟ ਪ੍ਰਮੋਦ ਕੁਮਾਰ, ਸਟਾਫ ਨਰਸ ਮਨਜੀਤ ਕੌਰ, ਭਾਜਪਾ ਦੇ ਸੀਨੀਅਰ ਆਗੂ ਬੂਟਾ ਸਿੰਘ ਭੁਲੇਰੀਆ, ਸ਼ਹਿਰੀ ਪ੍ਰਧਾਨ ਸਤੀਸ਼ ਤੀਸ਼ਾ, ਜ਼ਿਲ੍ਹਾ ਪਲਾਨਿੰਗ ਬੋਰਡ ਦੇ ਮੈਂਬਰ ਮਾਸਟਰ ਸਤੀਸ਼ ਕੁਮਾਰ ਜਨਤਾ ਵਾਲੇ ਤੋਂ ਇਲਾਵਾ ਹਸਪਤਾਲ ਦਾ ਸਮੂਹ ਸਟਾਫ ਹਾਜ਼ਰ ਸੀ।

ਚੰਗੇ ਵਕੀਲ ਬਣਨ ਲਈ ਕਾਨੂੰਨ ਦੇ ਵਿਦਿਆਰਥੀਆਂ ਨੂੰ ਸਖਤ ਮਿਹਨਤ ਕਰਨ ਦੀ ਲੋੜ-ਮੱਤੇਵਾਲ

ਮੁਹਾਲੀ, 13 ਫਰਵਰੀ (ਵੀਨਾ ਰਾਜਪੂਤ)-ਆਰਮੀ ਇੰਸਟੀਚਿਊਟ ਆਫ ਲਾਅ ਐਸ.ਏ.ਐਸ.ਨਗਰ ਵੱਲੋਂ ਸੁਰਾਨਾ ਐਂਡ ਸੁਰਾਨਾ ਇੰਟਰਨੈਸ਼ਨਲ ਆਟੋਰੀਨਜ਼ ਦੇ ਸਹਿਯੋਗ ਨਾਲ ਨੈਸ਼ਨਲ ਕਾਰਪੋਰੇਟ ਲਾਅ ਮੂਟ ਕੋਰਟ ਮੁਕਾਬਲੇ 2010 ਦਾ ਉਦਘਾਟਨ ਆਰਮੀ ਇੰਸਟੀਚਿਊਟ ਲਾਅ ਵਿਖੇ ਐਡਵੋਕੇਟ ਜਨਰਲ ਪੰਜਾਬ ਸ੍ਰ: ਹਰਦੇਵ ਸਿੰਘ ਮੱਤੇਵਾਲ ਵੱਲੋਂ ਕੀਤਾ ਗਿਆ। ਉਹ ਇਸ ਸਮਾਗਮ ਵਿੱਚ ਬਤੌਰ ਮੁੱਖ ਮਹਿਮਾਨ ਵਜੋਂ ਸਾਮਲ ਹੋਏ। ਸ੍ਰ: ਮੱਤੇਵਾਲ ਨੇ ਇਸ ਮੌਕੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਅਜੋਕੇ ਯੁਗ ਵਿੱਚ ਇੱਕ ਚੰਗੇ ਅਤੇ ਉੱਚ ਆਚਰਨ ਵਾਲੇ ਵਕੀਲ ਬਣਨ ਲਈ ਕਾਨੂੰਨ ਦੇ ਵਿਦਿਆਰਥੀਆਂ ਨੂੰ ਸਖਤ ਮਿਹਨਤ ਕਰਨ ਦੀ ਲੋੜ ਹੈ। ਕਿਉਂਕਿ ਜਿਹੜਾ ਕਾਨੂੰਨ ਦਾ ਵਿਦਿਆਰਥੀ ਲਗਨ ਤੇ ਮਿਹਨਤ ਨਾਲ ਪੜਾਈ ਕਰੇਗਾ ਉਹ ਹੀ ਚੰਗੀ ਵਕਾਲਤ ਕਰ ਸਕੇਗਾ ਅਤੇ ਆਪਣੇ ਪੇਸ਼ੇ ਵਿੱਚ ਕਾਮਯਾਬ ਹੋ ਸਕੇਗਾ। ਉਨ੍ਹਾਂ ਕਿਹਾ ਕਿ ਵਕੀਲ ਦਾ ਪੇਸ਼ਾ ਸਭ ਤੋਂ ਉੱਤਮ ਹੁੰਦਾ ਹੈ ਅਤੇ ਸਮਾਜ ਵਿੱਚ ਵਕੀਲਾਂ ਦੀ ਆਪਣੀ ਵੱਖਰੀ ਪਹਿਚਾਣ ਹੁੰਦੀ ਹੈ ਅਤੇ ਸੁਸਾਇਟੀ ਵਿੱਚ ਉਨ੍ਹਾਂ ਨੂੰ ਪੂਰਾ ਮਾਣ ਸਤਿਕਾਰ ਦਿੱਤਾ ਜਾਂਦਾ ਹੈ ਕਿਉਂਕਿ ਬਹੁਤ ਸਾਰੇ ਕੇਸਾ ਵਿੱਚ ਵਕੀਲ ਦੁਆਰਾ ਹੀ ਲੋਕਾਂ ਨੂੰ ਇਨਸਾਫ ਮਿਲਣ ਦੀ ਵਧੇਰੇ ਆਸ ਰੱਖਦੇ ਹਨ। ਉਨ੍ਹਾਂ ਸੰਸਥਾ ਵੱਲੋਂ ਨੈਸ਼ਨਲ ਕਾਰਪੋਰੇਟ ਲਾਅ ਮੂਟ ਮੁਕਾਬਲੇ ਕਰਾਉਣ 'ਤੇ ਵਧਾਈ ਦਿੱਤੀ ਅਤੇ ਕਿਹਾ ਕਿ ਇਹ ਮੁਕਾਬਲੇ ਕਾਨੂੰਨ ਦੇ ਵਿਦਿਆਰਥੀਆਂ ਲਈ ਬਹੁਤ ਹੀ ਲਾਹੇਵੰਦ ਸਾਬਤ ਹੋਣਗੇ। ਉਨ੍ਹਾਂ ਕਾਨੂੰਨ ਦੇ ਵਿਦਿਆਰਥੀਆਂ ਨੂੰ ਇਹ ਗੱਲ ਵੀ ਜ਼ੋਰ ਦੇ ਕੇ ਆਖੀ ਕਿ ਜਦੋਂ ਉਹ ਵਕਾਲਤ ਦੇ ਕਿੱਤੇ ਵਿੱਚ ਜਾਣਗੇ ਤਾਂ ਕੋਰਟ ਦੀ ਮਰਿਆਦਾ ਤੇ ਜੱਜ ਸਾਹਿਬਾਨਾਂ ਦਾ ਸਤਿਕਾਰ ਕਰਨਾ ਆਪਣੀ ਜਿੰਦਗੀ ਦਾ ਹਿੱਸਾ ਬਣਾਉਣ। ਇਸ ਮੌਕੇ ਐਡਵੋਕੇਟ ਜਨਰਲ ਪੰਜਾਬ ਨੂੰ ਸੰਸਥਾ ਤੇ ਚੇਅਰਮੈਨ ਮੇਜਰ ਜਨਰਲ ਵੀ. ਚੱਕਰਵਰਤੀ ਨੇ ਵਿਸ਼ੇਸ ਤੌਰ ਤੇ ਸਨਮਾਨ ਵੀ ਕੀਤਾ। ਸ੍ਰੀ ਪ੍ਰਤਾਪ ਸਿੰਘ ਚੇਅਰਮੈਨ ਬਾਰ ਕੌਂਸਲ ਆਫ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਨੇ ਬੋਲਦਿਆਂ ਕਿਹਾ ਕਿ ਸੰਸਥਾ ਵੱਲੋਂ ਨੈਸ਼ਨਲ ਕਾਰਪੋਰੇਟ ਲਾਅ ਮੂਟ ਕੋਰਟ ਮੁਕਾਬਲੇ ਕਰਵਾ ਕੇ ਕਾਨੂੰਨ ਦੇ ਵਿਦਿਆਰਥੀਆਂ ਨੂੰ ਨਵਾਂ ਕੁਝ ਸਿੱਖਣ ਦਾ ਮੋਕਾ ਪ੍ਰਦਾਨ ਕੀਤਾ ਹੈ। ਜਿਹੜਾ ਕਿ ਵਿਦਿਆਰਥੀਆਂ ਲਈ ਹਮੇਸਾ ਕੰਮ ਆਵੇਗਾ। ਆਰਮੀ ਇੰਸਟੀਚਿਊਟ ਆਫ ਲਾਅ ਦੀ ਪ੍ਰਿੰਸੀਪਲ ਡਾ. ਕਮਲਜੀਤ ਕੌਰ ਨੇ ਦੱਸਿਆ ਕਿ ਇਨ੍ਹਾਂ ਮੁਕਾਬਲਿਆ ਵਿੱਚ 40 ਟੀਮਾਂ ਭਾਗ ਲੈ ਰਹੀਆਂ ਹਨ। ਉਨ੍ਹਾਂ ਇਸ ਮੌਕੇ ਪੁੱਜੀਆ ਸਖਸੀਅਤਾਂ ਨੂੰ ਜੀ ਆਇਆ ਵੀ ਆਖਿਆ। ਇਸ ਮੌਕੇ ਸ੍ਰੀ ਰਾਮਾਚੰਦਰਨ ਮੁੱਖੀ ਅਕੈਡਮੀਕ ਇੰਸਟੀਚਿਊਟ ਸੁਰਾਨਾ ਐਂਡ ਸੁਰਾਨਾ ਇੰਟਰਨੈਸ਼ਨਲ ਐਟੋਰਨੀਜ਼ ਨੇ ਸਮਾਗਤ ਵਿੱਚ ਪੁਜੀਆ ਸਖਸੀਅਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਜ਼ਿਲ੍ਹਾ ਪੁਲਿਸ ਮੁਖੀ ਸ੍ਰ: ਗੁਰਪ੍ਰੀਤ ਸਿੰਘ ਭੁੱਲਰ, ਸ੍ਰੀਮਤੀ ਨਵਜੋਤ ਕੌਰ ਸਹਾਇਕ ਕਮਿਸ਼ਨਰ (ਸ਼ਿਕਾਇਤਾਂ), ਕਰਨਲ ਪਰਮਿੰਦਰ ਸਿੰਘ ਰਜਿਸਟਰਾਰ ਆਰਮੀ ਇੰਸਟੀਚਿਊਟ ਆਫ ਲਾਅ, ਕਰਨਲ ਸੰਧੂ ਤੋਂ ਇਲਾਵਾ ਆਰਮੀ ਇੰਸਟੀਚਿਊਟ ਆਫ ਲਾਅ ਦੀ ਪ੍ਰਬੰਧਕੀ ਕਮੇਟੀ ਦੇ ਮੈਂਬਰ ਅਤੇ ਹੋਰ ਪਤਵੰਤੇ ਵੀ ਮੌਜੂਦ ਸਨ।

...ਬੱਸ 1 ਮਿੰਟ

ਰਵਿੰਦਰ ਜਡੇਜਾ ਆਈ.ਪੀ.ਐਲ. 'ਚੋਂ ਬਾਹਰ

ਮੁੰਬਈ, 13 ਫਰਵਰੀ (ਵਿਸ਼ਵ ਵਾਰਤਾ)-ਭਾਰਤੀ ਕ੍ਰਿਕਟ ਟੀਮ ਦੇ ਉਭਰਦੇ ਹੋਏ ਆਲਰਾਊਂਡਰ ਅਤੇ ਰਾਜਸਥਾਨ ਰਾਇਲਸ ਦੇ ਖਿਡਾਰੀ ਰਵਿੰਦਰ ਜਡੇਜਾ ਆਈ.ਪੀ.ਐਲ. ਦੇ ਨਿਯਮਾਂ ਦਾ ਉਲੰਘਣ ਕਰਨ ਕਰਕੇ ਟੂਰਨਾਮੈਂਟ ਦੇ ਤੀਸਰੇ ਪੜਾਅ ਵਿਚ ਨਹੀਂ ਖੇਡ ਪਾਉਣਗੇ। ਜਡੇਜਾ ਉਤੇ ਦੋਸ਼ ਹੈ ਕਿ ਉਹ ਦੂਸਰੀ ਫ੍ਰੈਂਚਾਈਜ਼ੀ ਟੀਮਾਂ ਦੇ ਨਾਲ ਸੌਦੇਬਾਜ਼ੀ ਕਰ ਰਹੇ ਸਨ। ਆਈ.ਪੀ.ਐਲ. ਦੇ ਇਕ ਅਧਿਕਾਰੀ ਅਨੁਸਾਰ ਜਡੇਜਾ ਜੋ ਕਰ ਰਹੇ ਸਨ ਉਹ ਆਈ.ਪੀ.ਐਲ. ਦੇ ਨਿਯਮਾਂ ਦਾ ਉਲੰਘਣ ਹੈ। ਇਸ ਲਈ ਉਨ੍ਹਾਂ ਉਤੇ ਇਕ ਸਾਲ ਦੀ ਪਾਬੰਦੀ ਲਗਾਈ ਗਈ ਹੈ। ਉਨ੍ਹਾਂ ਕਿਹਾ ਕਿ ਜਡੇਜਾ ਦੂਸਰੀਆਂ ਟੀਮਾਂ ਤੋਂ ਜ਼ਿਆਦਾ ਪੈਸੇ ਦੀ ਮੰਗ ਕਰ ਰਹੇ ਸਨ ਜਦੋਂ ਕਿ ਉਹ ਰਾਜਸਥਾਨ ਰਾਇਲਸ ਦੀ ਟੀਮ ਨਾਲ ਜੁੜੇ ਹੋਏ ਸਨ ਅਤੇ ਇਸ ਤਰ੍ਹਾਂ ਦੀਆਂ ਚੀਜ਼ਾਂ ਕਿਸੇ ਵੀ ਕੀਮਤ 'ਤੇ ਸਹਿਣ ਨਹੀਂ ਕੀਤੀ ਜਾ ਸਕਦੀਆਂ।

ਸੰਤੋਖ ਸਿੰਘ ਧੀਰ ਸਿਮਰਤੀ ਸਮਾਰੋਹ ਅੱਜ

ਚੰਡੀਗੜ੍ਹ, 13 ਫਰਵਰੀ (ਵਿਸ਼ਵ ਵਾਰਤਾ)-ਬੀਤੇ ਦਿਨੀਂ ਅਕਾਲ ਚਲਾਣਾ ਕਰ ਗਏ ਪ੍ਰਸਿੱਧ ਲੇਖਕ ਸ੍ਰੀ ਸੰਤੋਖ ਸਿੰਘ ਧੀਰ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਸੰਤੋਖ ਸਿੰਘ ਧੀਰ ਸਿਮਰਤੀ ਸਮਾਰੋਹ 14 ਫਰਵਰੀ 2010, ਦਿਨ ਐਤਵਾਰ ਨੂੰ ਸਵੇਰੇ 11.00 ਵਜੇ ਮਾਨਵ ਮੰਗਲ ਸਕੂਲ ਦੇ ਨੇੜੇ ਗਰਾਊਂਡ ਫੇਜ਼ 10, ਮੋਹਾਲੀ ਵਿਖੇ ਕੀਤਾ ਜਾਵੇਗਾ। ਵਰਣਨਯੋਗ ਹੈ ਕਿ ਵਿਸ਼ਵ ਪ੍ਰਸਿੱਧ ਪੰਜਾਬ ਦੇ ਇਸ ਮਹਾਨ ਦੀ ਦੇਹ ਨੂੰ ਉਨ੍ਹਾਂ ਦੇ ਪਰਿਵਾਰ ਵੱਲੋਂ ਮੈਡੀਕਲ ਖੋਜ ਲਈ ਚੰਡੀਗੜ੍ਹ ਦੇ ਹਸਪਤਾਲ ਪੀ.ਜੀ.ਆਈ. ਨੂੰ ਦਾਨ ਕੀਤਾ ਗਿਆ ਹੈ। ਇਹ ਜਾਣਕਾਰੀ ਉਨ੍ਹਾਂ ਦੇ ਨਜ਼ਦੀਕੀ ਰਿਸ਼ਤੇਦਾਰਾਂ ਗੁਰਪੁਨੀਤ ਸਿੰਘ ਸਿੱਧੂ, ਇੰਦਰਪੁਨੀਤ ਸਿੰਘ ਸਿੱਧੂ, ਕੰਵਲਜੀਤ ਸਿੰਘ ਡਡਹੇੜੀ ਸੈਕਟਰੀ ਜ਼ਿਲ੍ਹਾ ਕਾਂਗਰਸ ਫਤਹਿਗੜ੍ਹ ਸਾਹਿਬ, ਰਵਿੰਦਰ ਸਿੰਘ ਪੰਨੂੰ, ਰਮਨਜੀਤ ਸਿੰਘ ਸਿੱਧੂ ਅਤੇ ਸੰਜੀਵਨ ਸਿੰਘ ਨੇ ਦਿੱਤੀ।

ਪੱਤਰਕਾਰਾਂ ਦੀ ਮਾਤਾ ਦੇ ਸੰਸਕਾਰ 'ਤੇ ਅਹਿਮ ਸ਼ਖਸੀਅਤਾਂ ਪੁੱਜੀਆਂ

ਸਮਾਲਸਰ, 13 ਫਰਵਰੀ (ਭੁਪਿੰਦਰ ਸਿੰਘ)-ਸਥਾਨਿਕ ਕਸਬੇ ਦੇ ਪੰਜਾਬੀ ਅਖਬਾਰ ਦੇ ਪੱਤਰਕਾਰ ਅਤੇ ਸਾਹਿਤਕਾਰ ਕੰਵਲਜੀਤ ਭੋਲਾ ਦੀ ਲਛਮਣ ਸਿੰਘ, ਪਰਮਜੀਤ ਸਿੰਘ ਮਾਤਾ ਦਰੋਪਦੀ ਦੇਵੀ (75) ਦੀ ਬੇਵਕਤੀ ਮੌਤ ਹੋ ਜਾਣ 'ਤੇ ਉਨ੍ਹਾਂ ਦੇ ਸਸਕਾਰ ਮੌਕੇ ਇਲਾਕੇ ਦੀਆਂ ਅਹਿਮ ਸ਼ਖਸੀਅਤਾਂ ਪੁੱਜੀਆਂ, ਜਿਨ੍ਹਾਂ ਵਿੱਚ ਪੱਤਰਕਾਰ ਭਾਈਚਾਰਾ, ਕਿਰਨਦੀਪ ਸਿੰਘ ਬੰਬੀਹਾ ਭਾਈ, ਡਾ. ਸਾਧੂ ਰਾਮ ਲੰਗੇਆਣਾ, ਸੰਦੀਪ ਬਾਘੇਵਾਨੀਆ, ਬੇਅੰਤ ਗਿੱਲ ਭਲੂਰ, ਹਰਵਿੰਦਰ ਗਰਗ, ਭੁਪਿੰਦਰ ਸਿੰਘ, ਜਸਪਾਲ ਚੌਹਾਨ, ਜਸਕਰਨ ਚੀਦਾ, ਸਾਹਿਤਕਾਰ ਹਰਚਰਨ ਘਨੌਈਆ, ਜਸਕਰਨ ਲੰਡੇ, ਗੁਰਜੰਟ ਕਲਸੀ, ਜਸਵੀਰ ਭਲੂਰੀਆ, ਮਾਸਟਰ ਬਿੱਕਰ ਸਿੰਘ ਹਾਂਗਕਾਂਗ, ਲਖਵੀਰ ਕੋਮਲ, ਸਰਵਣ ਪਤੰਗ, ਗੁਰਮੇਲ ਕੋਮਲ, ਸੁਰਜੀਤ ਮਾਣੂੰਕੇ, ਰਾਜੂ ਗੋਇਲ ਅਤੇ ਸਾਬਕਾ ਸਰਪੰਚ ਮੱਖਣ ਸਿੰਘ, ਬਲਵਿੰਦਰ ਸਿੰਘ ਬਾਦਲ, ਨਿਰਮਲ ਸਿੰਘ ਪੰਜਾਬ ਪੁਲਿਸ, ਸੁਰਜੀਤ ਸਿੰਘ ਸਤਾਬ ਸੀਨੀਅਰ ਅਕਾਲੀ ਆਗੂ, ਵਿਜੇ ਕੁਮਾਰ ਸੁਪਰਵਾਈਜ਼ਰ ਮੰਡੀ ਬੋਰਡ, ਪੰਚ ਨਿਧਾਨ ਸਿੰਘ ਆਦਿ ਹਾਜ਼ਰ ਸਨ।

ਮਨਜੀਤ ਸਿੰਘ ਖਾਲਸਾ ਦੇ ਪਿਤਾ ਦੀ ਅੰਤਿਮ ਅਰਦਾਸ ਅੱਜ

ਲੁਧਿਆਣਾ, 13 ਫਰਵਰੀ (ਰਾਜ ਜੋਸ਼ੀ)-ਯੂਨਾਈਟਿਡ ਸਾਈਕਲ ਵਰਕਸ ਐਂਡ ਮੈਨੂਫੈਕਚਰਿੰਗ ਐਸੋਸੀਏਸ਼ਨ ਦੇ ਚੇਅਰਮੈਨ ਅਤੇ ਪੱਤਰਕਾਰ ਸ੍. ਮਨਜੀਤ ਸਿੰਘ ਖਾਲਸਾ ਦੇ ਪੂਜਨੀਕ ਪਿਤਾ ਸਵਰਗੀ ਸ੍.ਗੁਰਬਖਸ਼ ਸਿੰਘ ਜੋ ਬੀਤੇ ਦਿਨੀਂ ਅਕਾਲ ਚਲਾਣਾ ਕਰ ਗਏ ਸਨ, ਦੀ ਆਤਮਿਕ ਸ਼ਾਂਤੀ ਲਈ ਅੱਜ ਮਿਤੀ 14 ਫਰਵਰੀ 2010 ਨੂੰ ਸਥਾਨਿਕ ਗੁਰਦੁਆਰਾ ਸ੍ਰੀ ਗੁਰੂ ਕਲਗੀਧਰ ਸਿੰਘ ਸਭਾ ਵਿਖੇ ਭੋਗ ਅਤੇ ਅੰਤਿਮ ਅਰਦਾਸ ਬਾਅਦ ਦੁਪਹਿਰ 1 ਤੋਂ 2.30 ਵਜੇ ਤੱਕ ਹੋਵੇਗੀ। ਸ੍. ਖਾਲਸਾ ਨਾਲ ਜਿੱਥੇ ਪੱਤਰਕਾਰ ਭਾਈਚਾਰੇ ਵੱਲੋਂ ਦੁੱਖ ਸਾਂਝਾ ਕੀਤਾ ਗਿਆ ਉਥੇ ਮੁੱਖ ਮੰਤਰੀ ਪੰਜਾਬ ਸ੍. ਬਾਦਲ ਦੀ ਉਨ੍ਹਾਂ ਦੇ ਗ੍ਰਹਿ ਵਿਖੇ ਦੁਖ ਸਾਂਝਾ ਕਰਨ ਲਈ ਪਹੁੰਚੇ। ਯੂਨਾਈਟਿਡ ਸਾਈਕਲ ਪਾਰਟਸ ਅਤੇ ਮੈਨੂਫੈਕਚਰਿੰਗ ਐਸੋਸੀਏਸ਼ਨ ਵੱਲੋਂ ਪ੍ਰਧਾਨ ਡੀ.ਐਸ. ਚਾਵਲਾ ਦੀ ਅਗਵਾਈ ਹੇਠ ਸਵਰਗੀ ਗੁਰਬਖਸ਼ ਸਿੰਘ ਜੀ ਦੇ ਅਕਾਲ ਚਲਾਣੇ 'ਤੇ ਪ੍ਰਮਾਤਮਾ ਅੱਗੇ ਅਰਦਾਸ ਸਮਾਗਮ ਕਰਕੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ ਲਈ ਅਰਦਾਸ ਕੀਤੀ ਗਈ।

ਜੀਉਂਦੇ ਪਤੀ ਦਾ ਮੌਤ ਦਾ ਸਰਟੀਫਿਕੇਟ ਬਣਾ ਕੇ ਕਰੋੜਾਂ ਦੀ ਜਾਇਦਾਦ ਵੇਚੀ

ਅੰਮ੍ਰਿਤਸਰ, 13 ਫਰਵਰੀ (ਮੋਤਾ ਸਿੰਘ)-ਇੱਕ ਔਰਤ ਵੱਲੋਂ ਆਪਣੇ ਜੀਉਂਦੇ ਪਤੀ ਦਾ ਮੌਤ ਦਾ ਸਰਟੀਫਿਕੇਟ ਬਣਾ ਕੇ ਪ੍ਰਵਾਸੀ ਪਤੀ ਦੀ ਕਰੋੜਾਂ ਰੁਪਏ ਦੀ ਜਾਇਦਾਦ ਇੱਕ ਪ੍ਰਾਪਰਟੀ ਡੀਲਰ ਦੀ ਮਿਲੀਭੁਗਤ ਨਾਲ ਵੇਚ ਦੇਣ ਦੀ ਸੂਚਨਾ ਵਾਸੀ ਸ਼ੰਕਰਪੁਰਾ ਥਾਣਾ ਇੰਚਾਰਜ ਚਰਨਜੀਤ ਸਿੰਘ ਕੋਤਵਾਲੀ ਨੂੰ ਸ਼ਿਕਾਇਤ ਵਿੱਚ ਦੱਸਿਆ ਕਿ ਉਹ ਪੱਕੇਤੌਰ ਤੇ ਅਮਰੀਕਾ ਰਹਿੰਦਾ ਹੈ ਅਤੇ ਉਨ੍ਹਾਂ 2005 ਵਿੱਚ ਜੋਗਿੰਦਰ ਕੌਰ ਪੁੱਤਰੀ ਸੇਵਾ ਸਿੰਘ ਵਾਸੀ ਫਰੀਦਕੋਟ ਨਾਲ ਵਿਆਹ ਕਰਵਾਇਆ। ਸ਼ਾਦੀ ਤੋਂ ਕੁਝ ਸਮੇਂ ਬਾਅਦ ਉਸ ਦੀ ਆਪਣੀ ਪਤਨੀ ਨਾਲ ਅਣਬਣ ਹੋ ਗਈ। ਉਹ ਅਮਰੀਕਾ ਚਲਾ ਗਿਆ ਅਤੇ ਉਸ ਦੀ ਪਤਨੀ 10 ਬੀ ਰਣਜੀਤ ਐਵੀਨਿਊ ਅੰਮ੍ਰਿਤਸਰ ਰਹਿੰਦੀ ਸੀ। ਉਸ ਦੀ ਪਤਨੀ ਨੇ ਰਸੂਲਪੁਰ ਤਰਨ ਤਾਰਨ ਦੇ ਇੱਕ ਪ੍ਰਾਪਰਟੀ ਡੀਲਰ ਨਾਲ ਮਿਲ ਕੇ ਉਸ ਦੀ ਮੌਤ ਦਾ ਜਾਅਲੀ ਸਰਟੀਫਿਕੇਟ ਬਣਾ ਕੇ ਉਸ ਦੀ ਕੋਠੀ ਸਥਾਨਿਕ ਬੱਸ ਸਟੈਂਡ ਦੇ ਨੇੜੇ ਇੱਕ ਹੋਟਲ ਦੇ ਮਾਲਕ ਨੂੰ ਵੇਚ ਦਿੱਤੀ। ਪੁਲਿਸ ਨੇ ਕਥਿਤ ਦੋਸ਼ੀਆਂ ਖਿਲਾਫ ਧਾਰਾ 420, 468 ਤਹਿਤ ਮੁਕੱਦਮਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਟਰਾਲਾ ਚਾਲਕ ਨੇ ਸਕੂਟਰ ਸਵਾਰ ਦਰੜਿਆ-ਮੌਕੇ 'ਤੇ ਮੌਤ

ਤਲਵੰਡੀ ਸਾਬੋ, 13 ਫਰਵਰੀ (ਰਣਜੀਤ ਸਿੰਘ ਰਾਜੂ)-ਅੱਜ ਸਵੇਰੇ 8 ਵਜੇ ਦੇ ਕਰੀਬ ਨੇੜਲੇ ਪਿੰਡ ਸ਼ੇਖਪੁਰਾ ਵਿਖੇ ਇੱਕ ਭਿਆਨਕ ਦੁਰਘਟਨਾ ਵਿੱਚ ਇੱਕੋ ਸਾਈਡ ਤੋਂ ਆ ਰਹੇ ਇੱਕ ਟਰਾਲਾ ਚਾਲਕ ਨੇ ਆਪਣੇ ਅੱਗੇ ਜਾ ਰਹੇ ਸਕੂਟਰ ਸਵਾਰ ਨੂੰ ਦਰੜ ਦਿੱਤਾ, ਜਿਸ ਨਾਲ ਸਕੂਟਰ ਸਵਾਰ ਵਿਅਕਤੀ ਦੀ ਮੌਕੇ 'ਤੇ ਹੀ ਮੌਤ ਹੋ ਗਈ। ਲੋਕਾਂ ਦੀ ਮੱਦਦ ਨਾਲ ਟਰਾਲਾ ਚਾਲਕ ਨੂੰ ਫੜ੍ਹ ਲਿਆ ਗਿਆ। ਪੁਲਿਸ ਨੇ ਡਰਾਈਵਰ ਖਿਲਾਫ ਮਾਮਲਾ ਦਰਜ ਕਰ ਲਿਆ ਹੈ। ਅੱਜ ਸਵੇਰੇ 8 ਵਜੇ ਦੇ ਕਰੀਬ ਨੇੜਲੇ ਪਿੰਡ ਸ਼ੇਖਪੁਰਾ ਵਿਖੇ ਮੌੜ ਮੰਡੀ ਵੱਲੋਂ ਆ ਰਹੇ ਇੱਕ ਵੱਡੇ ਟਰਾਲੇ ਨੇ ਆਪਣੇ ਅੱਗੇ ਚੱਲ ਰਹੇ ਸਕੂਟਰ ਸਵਾਰ ਨੂੰ ਬੁਰੀ ਤਰ੍ਹਾਂ ਦਰੜ ਦਿੱਤਾ। ਸਕੂਟਰ ਸਵਾਰ ਸੁਖਮੰਦਰ ਸਿੰਘ ਵਾਸੀ ਮੌੜ ਖੁਰਦ ਆਪਣੇ ਸਕੂਟਰ ਨੰ. ਪੀ.ਬੀ. 43 ਏ 1861 ਤੇ ਸ਼ੇਖਪੁਰੇ ਤੋਂ ਤਲਵੰਡੀ ਵੱਲ ਆ ਰਿਹਾ ਸੀ ਕਿ ਪਿੱਛੋਂ ਆ ਰਹੇ ਟਰਾਲਾ ਨੰ. ਪੀ.ਬੀ. 03 ਪੀ. 9988 ਨੇ ਉਸ ਨੂੰ ਦਰੜ ਦਿੱਤਾ। ਦੁਰਘਟਨਾ ਇੰਨੀ ਦਿਲ ਦਹਿਲਾਊ ਸੀ ਕਿ ਸਕੂਟਰ ਸਵਾਰ ਦਾ ਸਰੀਰ ਟੁਕੜੇ-ਟੁਕੜੇ ਹੋ ਸੜਕ ਤੇ ਖਿਲਰ ਗਿਆ। ਘਟਨਾ ਮੌਕੇ ਟਰਾਲੇ ਦੇ ਡਰਾਈਵਰ ਨੂੰ ਲੋਕਾਂ ਨੇ ਦਬੋਚ ਲਿਆ। ਘਟਨਾ ਦਾ ਪਤਾ ਲੱਗਦਿਆਂ ਹੀ ਸਹਾਰਾ ਕਲੱਬ ਤਲਵੰਡੀ ਸਾਬੋ ਦੀ ਵੈਨ ਮੌਕੇ 'ਤੇ ਪਹੁੰਚੀ। ਅਵਤਾਰ ਸਿੰਘ ਬੱਬਲੂ ਦੀ ਅਗਵਾਈ ਹੇਠ ਸਹਾਰਾ ਵਲੰਟੀਅਰਾਂ ਨੇ ਲਾਸ਼ ਨੂੰ ਇਕੱਠਾ ਕੀਤਾ, ਹਾਲ ਇਨ੍ਹਾਂ ਭਿਆਨਕ ਸੀ ਕਿ ਉਸ ਨੂੰ ਪੰਡ ਬੰਨ੍ਹ ਕੇ ਲਿਆਉਣਾ ਪਿਆ। ਥਾਣਾ ਤਲਵੰਡੀ ਸਾਬੋ ਪੁਲਿਸ ਨੇ ਮ੍ਰਿਤਕ ਸੁਖਮੰਦਰ ਦੇ ਸਪੁੱਤਰ ਅੰਮ੍ਰਿਤਸਰਾ ਦੇ ਬਿਆਨਾਂ ਦੇ ਆਧਾਰ 'ਤੇ ਟਰਾਲਾ ਚਾਲਕ ਸ਼ਿੰਦਾ ਉਰਫ ਮੇਵਾ ਸਿੰਘ ਵਾਸੀ ਕੋਟਲੀ ਖੁਰਦ ਤੇ ਧਾਰਾ 304 ਏ, 279, 427 ਅਧੀਨ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਟਰੱਕ ਤੇ ਟਾਟਾ 207 'ਚ ਟੱਕਰ 'ਚ 5 ਹਲਾਕ, 6 ਗੰਭੀਰ ਜ਼ਖਮੀ





ਹਰੀਕੇ ਪੱਤਨ, 13 ਫਰਵਰੀ (ਰਵਿੰਦਰ ਸਿੰਘ)-ਅੱਜ ਸਵੇਰੇ ਇੱਥੋਂ ਕਸਬੇ ਦੇ ਬਾਹਰਵਾਰ ਹੋਏ ਇੱਕ ਸੜਕ ਹਾਦਸੇ ਵਿੱਚ 5 ਲੋਕਾਂ ਦੇ ਮਾਰੇ ਜਾਣ ਤੇ 6 ਲੋਕਾਂ ਦੇ ਗੰਭੀਰ ਜ਼ਖਮੀ ਹੋਣ ਦੀ ਸੂਚਨਾ ਮਿਲੀ ਹੈ। ਮੌਕੇ ਤੇ ਪ੍ਰਾਪਤ ਜਾਣਕਾਰੀ ਅਨੁਸਾਰ ਇੱਕ ਟਾਟਾ 207 ਗੱਡੀ ਜੋ ਕਿ ਮਸਤਗੜ੍ਹ ਨੇੜੇ ਫਿਰੋਜ਼ਪੁਰ ਤੋਂ ਮਾੜੀ ਮੇਘਾ (ਪੱਟੀ) ਨੂੰ ਜਾ ਰਹੀ ਸੀ, ਜਿਸ ਵਿੱਚ ਇੱਕ ਹੀ ਪਰਿਵਾਰ ਨਾਲ ਸੰਬੰਧਤ ਮੈਂਬਰ ਜੋ ਵਿਆਹ ਸਮਾਗਮ ਤੋਂ ਵਾਪਸ ਪਰਤ ਰਹੇ ਸਨ ਕਿ ਜਦ ਉਕਤ ਗੱਡੀ ਹਰੀਕੇ ਨਜ਼ਦੀਕ ਪੁੱਜੀ ਤਾਂ ਕਿਸੇ ਵਾਹਨ ਨੂੰ ਓਵਰ ਟੇਕ ਕਰਦੇ ਹੋਏ ਸਾਹਮਣੇ ਤੋਂ ਆ ਰਹੇ ਟਰੱਕ ਵਿੱਚ ਜਾ ਵੱਜੀ ਤੇ ਬੁਰੀ ਤਰ੍ਹਾਂ ਚਕਨਾਚੂਰ ਹੋ ਕੇ ਪਲਟ ਗਈ। ਜਿਸ ਵਿੱਚ ਸਵਾਰ ਇੱਕ ਛੋਟਾ ਲੜਕਾ, ਇੱਕ ਲੜਕੀ, ਇੱਕ ਔਰਤ ਤੇ ਡਰਾਈਵਰ ਸਮੇਤ 2 ਆਦਮੀ ਕੁੱਲ 5 ਲੋਕਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ ਤੇ ਟਾਟਾ 207 ਦੇ ਪਿੱਛੇ ਬੈਠੇ 6 ਲੋਕ ਗੰਭੀਰ ਜ਼ਖਮੀ ਹੋ ਗਏ। ਇਹ ਦਰਦਨਾਕ ਹਾਦਸਾ ਜੋ ਸਵੇਰੇ 7 ਵਜੇ ਵਾਪਰਿਆ ਦਾ ਪਤਾ ਲੱਗਣ 'ਤੇ ਥਾਣਾ ਹਰੀਕੇ ਦੇ ਮੁਖੀ ਸ੍. ਬਚਿੱਤਰ ਸਿੰਘ ਤੁਰੰਤ ਘਟਨਾ ਸਥਾਨ 'ਤੇ ਪੁੱਜੇ ਤੇ ਲਾਸ਼ਾਂ ਨੂੰ ਬੜੀ ਜਦੋ ਜਹਿਦ ਨਾਲ ਬਾਹਰ ਕੱਢ ਕੇ ਪੱਟੀ ਦੇ ਸਿਵਲ ਹਸਪਤਾਲ ਵਿੱਚ ਭੇਜ ਦਿੱਤਾ ਤੇ ਜ਼ਖਮੀ ਲੋਕਾਂ ਨੂੰ ਸਰਹਾਲੀ ਦੇ ਸਿਵਲ ਹਸਪਤਾਲ ਵਿੱਚ ਭੇਜਿਆ ਗਿਆ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਆਪਣੀ ਟੀਮ ਸਮੇਤ ਮੌਕੇ 'ਤੇ ਪੁੱਜੀ ਰੋਡ ਸੇਫਟੀ ਮਿਸ਼ਨਰੀ ਪ੍ਰਬੰਧਕ ਭਾਰਤ ਸਰਕਾਰ ਸ੍ਰੀ ਜਗੀਰ ਸਿੰਘ ਸੰਧੂ ਨੇ ਇਸ ਦਰਦਨਾਕ ਹਾਦਸੇ ਬਾਰੇ ਪ੍ਰਤੀਕਰਮ ਕਰਦੇ ਹੋਏ ਕਿਹਾ ਕਿ ਭਾਵੇਂ ਹਰੀਕੇ ਤੋਂ ਤਰਨ-ਤਾਰਨ ਤੱਕ ਸੜਕ ਹਾਦਸੇ ਰੋਕਣ ਲਈ ਸ੍. ਸੁਖਦੇਵ ਸਿੰਘ ਬਰਾੜ ਐਸ.ਐਸ.ਪੀ. ਤਰਨਤਾਰਨ ਹਰ ਵਕਤ ਤਤਪਰ ਰਹਿੰਦੇ ਹਨ, ਪਰ ਲੋਕ ਇਸ ਗੱਲ 'ਤੇ ਅਮਲ ਨਹੀਂ ਕਰਦੇ, ਜਦ ਉਹ ਕਿਸ ਹਾਦਸ ਵਿਚ ਮਾਰ ਜਾਂ ਪੜਿਤ ਹ ਜਾਂਦ ਹਨ ਤਾਂ ਫਿਰ ਪਛਤਾਵਾ ਹੁੰਦਾ ਹੈ, ਪਰ ਪਹਿਲਾਂ ਕੋਈ ਸੜਕੀ ਨਿਯਮਾਂ ਦੀ ਪਾਲਣਾ ਕਰਨ ਲਈ ਤਿਆਰ ਨਹੀਂ ਹੈ। ਉਨ੍ਹਾਂ ਇਸ ਹਾਦਸੇ ਨੂੰ ਬੇਹੱਦ ਦੁਖਦਾਈ ਘਟਨਾ ਦੱਸਦੇ ਹੋਏ ਕਿਹਾ ਕਿ ਇੱਕ ਪਰਿਵਾਰ ਦੇ 5-6 ਜੀਆਂ ਦਾ ਮਰ ਜਾਣਾ ਬਹੁਤ ਮੰਦਭਾਗਾ ਹੈ। ਉਨ੍ਹਾਂ ਮੌਕੇ ਤੇ ਟੀਮ ਦੇ ਆਏ ਮੈਂਬਰਾਂ ਨੂੰ ਹਦਾਇਤ ਕੀਤੀ ਉਹ ਹਾਦਸੇ ਦੇ ਕਾਰਨਾਂ ਦੀ ਜਾਂਚ ਕਰਨ ਤਾਂ ਕਿ ਅਸਲੀਅਤ ਕਾਰਨਾਂ ਦਾ ਪਤਾ ਲੱਗ ਸਕੇ। ਦੱਸਿਆ ਜਾਂਦਾ ਹੈ ਕਿ ਹਾਦਸਾਗ੍ਰਸਤ ਟਰੱਕ ਡਰਾਈਵਰ ਫਰਾਰ ਹੈ, ਜਿਸ ਵਿੱਚ ਥਾਣਾ ਹਰੀਕੇ ਵਿਖੇ ਕੇਸ ਦਰਜ ਕਰ ਲਿਆ ਗਿਆ ਹੈ।

ਮੰਗ ਵਧਣ ਨਾਲ ਸੋਨਾ ਤੇ ਚਾਂਦੀ 'ਚ ਤੇਜ਼ੀ

ਨਵੀਂ ਦਿੱਲੀ, 13 ਫਰਵਰੀ (ਵਿਸ਼ਵ ਵਾਰਤਾ)-ਮੌਸਮੀ ਖਰੀਦਦਾਰੀ ਦੇ ਚਲਦਿਆਂ ਦਿੱਲੀ ਸਰਾਫਾ ਬਾਜ਼ਾਰ ਵਿਚ ਅੱਜ ਸੋਨੇ ਦੀਆਂ ਕੀਮਤਾਂ 75 ਰੁਪਏ ਦੀ ਤੇਜ਼ੀ ਦੇ ਨਾਲ 16,640 ਰੁਪਏ ਪ੍ਰਤੀ ਦਸ ਗ੍ਰਾਮ 'ਤੇ ਬੰਦ ਹੋਈਆਂ। ਸੋਨਾ ਸਟੈਂਡਰਡ ਅਤੇ ਗਹਿਣਿਆਂ ਦੀ ਕੀਮਤ 75.75 ਰੁਪਏ ਦੀ ਤੇਜ਼ੀ ਦੇ ਨਾਲ ਕ੍ਰਮਵਾਰ 16,640 ਰੁਪਏ ਅਤੇ 16,490 ਰੁਪਏ ਪ੍ਰਤੀ ਦਸ ਗ੍ਰਾਮ 'ਤੇ ਬੰਦ ਹੋਈ। ਬਾਜ਼ਾਰ ਸੂਤਰਾਂ ਅਨੁਸਾਰ ਮੌਜੂਦਾ ਸ਼ਾਹੀ ਵਿਆਹ ਵਾਲਿਆਂ ਦੀ ਮੰਗ ਵਧਣ ਨਾਲ ਸੋਨਾ-ਚਾਂਦੀ ਦੀਆਂ ਕੀਮਤਾਂ ਵਿਚ ਤੇਜ਼ੀ ਆਈ ਹੈ।

ਮਾਰੂਤੀ 800 ਦੀ ਵਿਦਾਈ ਅਪ੍ਰੈਲ ਤੋਂ

ਨਵੀਂ ਦਿੱਲੀ, 13 ਫਰਵਰੀ (ਵਿਸ਼ਵ ਵਾਰਤਾ)-ਦੇਸ਼ ਦੀ ਸਭ ਤੋਂ ਵੱਡੀ ਕਾਰ ਨਿਰਮਾਤਾ ਕੰਪਨੀ ਮਾਰੂਤੀ ਸੁਜ਼ੂਕੀ ਇੰਡੀਆ ਨੇ ਅਪ੍ਰੈਲ ਤੋਂ ਆਮ ਆਦਮੀ ਦੀ ਕਾਰ ਮਾਰੂਤੀ 800 ਨੂੰ 13 ਸ਼ਹਿਰਾਂ ਤੋਂ ਹਟਾਉਣ ਦਾ ਫੈਸਲਾ ਕੀਤਾ ਹੈ। ਇਨ੍ਹਾਂ ਸ਼ਹਿਰਾਂ ਵਿਚ ਭਾਰਤ ਪੜਾਅ 4 ਉਤਸਰਜਨ ਲਾਗੂ ਹੋਣ ਜਾ ਰਿਹਾ ਹੈ। ਮਾਰੂਤੀ ਦੇ ਚੇਅਰਮੈਨ ਆਰ.ਸੀ. ਭਾਰਗਵ ਨੇ ਕਿਹਾ ਹੈ ਕਿ ਕੰਪਨੀ ਦਾ ਮਾਰੂਤੀ 800 ਨੂੰ ਹਟਾ ਕੇ ਇਸ ਨੂੰ ਭਾਰਤ ਪੜਾਅ ਚਾਰ ਮਾਨਕਾਂ ਦੇ ਅਨੁਸਾਰ ਬਣਾਉਣ ਦਾ ਇਰਾਦਾ ਨਹੀਂ ਹੈ।

ਸਵਾਈਨ ਫਲੂ ਨਾਲ ਅਮਰੀਕਾ 'ਚ 17 ਹਜ਼ਾਰ ਮੌਤਾਂ

ਵਾਸ਼ਿੰਗਟਨ, 13 ਫਰਵਰੀ (ਵਿਸ਼ਵ ਵਾਰਤਾ)-ਅਮਰੀਕਾ ਵਿਚ ਪਿਛਲੇ ਸਾਲ ਅਪ੍ਰੈਲ ਤੋਂ ਸਵਾਈਨ ਫਲੂ ਫੈਲਣ ਤੋਂ ਬਾਅਦ ਇਸ ਬਿਮਾਰੀ ਕਾਰਨ ਕੁੱਲ 17 ਹਜ਼ਾਰ ਲੋਕਾਂ ਦੀ ਮੌਤ ਹੋ ਚੁੱਕੀ ਹੈ, ਜਿਸ ਵਿਚ 1800 ਬੱਚੇ ਵੀ ਸ਼ਾਮਿਲ ਹਨ। ਅਮਰੀਕਾ ਵੱਲੋਂ ਇਸ ਸਬੰਧ ਵਿਚ ਇਕ ਰਿਪੋਰਟ ਤਿਆਰ ਕੀਤੀ ਗਈ ਹੈ, ਜਿਸ ਵਿਚ ਕਿਹਾ ਗਿਆ ਹੈ ਕਿ ਇਹ ਬਿਮਾਰੀ ਬੱਚਿਆਂ ਵਿਚ ਜ਼ਿਆਦਾ ਤੇਜ਼ੀ ਨਾਲ ਫੈਲ ਰਹੀ ਹੈ। ਰਿਪਰਟ ਅਨੁਸਾਰ ਅਪ੍ਰੈਲ ਤੋਂ ਇਸ ਸਾਲ ਤੱਕ ਪੰਜ ਕਰੋੜ 70 ਲੱਖ ਲੋਕ ਇਸ ਬਿਮਾਰੀ ਦੀ ਲਪੇਟ ਵਿਚ ਆ ਚੁੱਕੇ ਹਨ।

ਛੇਵੇਂ ਕਬੱਡੀ ਗੋਲਡ ਕੱਪ ਦੀਆਂ ਤਿਆਰੀਆਂ ਸਿਖਰਾਂ 'ਤੇ

ਜਲੰਧਰ, 13 ਫਰਵਰੀ (ਮਲਕੀਤ ਸਿੰਘ ਬਰਾੜ)-ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਕਲੱਬ ਕਪੂਰਥਲਾ (ਰਜਿ.) ਵੱਲੋਂ ਗੁਰੂ ਨਾਨਕ ਸਟੇਡੀਅਮ ਕਪੂਰਥਲਾ ਵਿੱਚ 23 ਫਰਵਰੀ ਨੂੰ ਕਰਵਾਏ ਜਾ ਰਹੇ ਛੇਵੇਂ ਕਬੱਡੀ ਗੋਲਡ ਕੱਪ ਦੀਆਂ ਤਿਆਰੀਆਂ ਜੋਰਾਂ ਸ਼ੋਰਾਂ ਨਾਲ ਕੀਤੀਆਂ ਜਾ ਰਹੀਆਂ ਹਨ। ਕਲੱਬ ਦੇ ਸਰਪ੍ਰਸਤ ਸ. ਗੁਰਦਿਆਲ ਸਿੰਘ ਪੱਡਾ ਨਾਰਵੇ ਤੇ ਕਲੱਬ ਦੇ ਪ੍ਰਧਾਨ ਸ੍ਰੀ ਤੇਜਿੰਦਰ ਸਿੰਘ ਨਿੱਝਰ ਨੇ ਦੱਸਿਆ ਕਿ ਕਬੱਡੀ ਕੱਪ ਮੌਕੇ ਪੰਜਾਬ ਦੇ ਉੱਘੇ ਗਾਇਕ ਬੱਬੂ ਮਾਨ ਦਾ ਖੁੱਲ੍ਹਾ ਅਖਾੜਾ ਲੱਗੇਗਾ। ਇਸ ਮੌਕੇ ਉੱਤਰੀ ਕਬੱਡੀ ਫੈਡਰੇਸ਼ਨ ਨਾਲ ਸਬੰਧਿਤ ਸ਼ਹੀਦ ਬਾਬਾ ਦੀਪ ਸਿੰਘ ਕਬੱਡੀ ਕਲੱਬ ਨਾਰਵੇ, ਦਸ਼ਮੇਸ਼ ਕਲੱਬ ਨਕੋਦਰ, ਗੁਰੂ ਗੋਬਿੰਦ ਸਿੰਘ ਅਕੈਡਮੀ ਕੋਟਲੀ ਥਾਨ ਸਿੰਘ, ਬਾਬਾ ਲੋਧੀਆਨਾ ਕਬੱਡੀ ਅਕੈਡਮੀ ਦਿੜਬਾ, ਪੰਜਾਬ ਰਾਜ ਬਿਜਲੀ ਬੋਰਡ, ਸ਼ੇਰੇ ਪੰਜਾਬ ਕਬੱਡੀ ਅਕੈਡਮੀ ਕੈਲੇਫੋਰਨੀਆ ਅਤੇ ਕਬੱਡੀ ਅਕੈਡਮੀ ਲਿੱਤਰਾਂ ਭਾਗ ਲੈ ਰਹੀਆਂ ਹਨ। ਉਨ੍ਹਾਂ ਕਿਹਾ ਕਿ ਮੇਲੇ ਦੌਰਾਨ ਕਬੱਡੀ ਸਟਾਰ ਸੰਦੀਪ ਲੱਲੀਆਂ ਦੀ ਕਬੱਡੀ ਦੇਖਣਯੋਗ ਹੋਵੇਗੀ ਅਤੇ ਉੱਘੇ ਕਬੱਡੀ ਖਿਡਾਰੀਆਂ ਨੂੰ ਮੋਟਰਸਾਈਕਲ ਅਤੇ ਗੱਡੀਆਂ ਨਾਲ ਨਿਵਾਜਿਆ ਜਾਵੇਗਾ। ਕਬੱਡੀ ਕੱਪ ਮੌਕੇ ਸਟੇਡੀਅਮ ਵਿੱਚ ਦਰਸ਼ਕਾਂ ਲਈ ਦਾਖਲਾ ਮੁਫਤ ਹੋਵੇਗਾ ਅਤੇ ਕਲੱਬ ਵੱਲੋਂ ਔਰਤਾਂ ਅਤੇ ਬੱਚਿਆਂ ਦੇ ਬੈਠਣ ਲਈ ਵਿਸ਼ੇਸ਼ ਪ੍ਰਬੰਧ ਕੀਤਾ ਜਾਵੇਗਾ। ਇਸ ਟੂਰਨਾਮੈਂਟ ਪ੍ਰਤੀ ਲੋਕਾਂ ਵਿੱਚ ਭਾਰੀ ਉਤਸ਼ਾਹ ਬਣਿਆ ਹੋਇਆ ਹੈ।

ਟੀਚਰਜ਼ ਸੈਲਰੀ ਆਨਰਜ਼ ਥਰੀਫਟ ਐਂਡ ਕਰੈਡਿਟ ਸੁਸਾਇਟੀ ਦੀ ਚੋਣ ਹੋਈ

ਬੁਢਲਾਡਾ, 13 ਫਰਵਰੀ (ਦਵਿੰਦਰ ਸਿੰਘ ਕੋਹਲੀ)-ਦੀ ਗੌਰਮਿੰਟ ਟੀਚਰਜ਼ ਸੈਲਰੀ ਆਨਰਜ਼ ਥਰੀਫਟ ਐਂਡ ਕਰੈਡਿਟ ਸੁਸਾਇਟੀ ਲਿਮਟਿਡ ਦੀ ਚੋਣ ਸਰਕਾਰੀ ਐਲੀਮੈਂਟਰੀ ਸਕੂਲ ਬੁਢਲਾਡਾ ਵਿਖੇ ਹੋਈ। ਸ੍ਰੀ ਰਘੂ ਨਾਥ ਸਿੰਗਾਲ ਨੇ ਕਿਹਾ ਕਿ ਇਸ ਚੋਣ ਵਿੱਚ ਸ੍ਰੀ ਕਾਕਾ ਸਿੰਘ ਟਾਹਲੀਆਂ ਪ੍ਰਧਾਨ, ਰਘੂ ਨਾਥ ਸਿੰਗਲਾ ਨੇ ਕਿਹਾ ਕਿ ਇਸ ਚੋਣ ਵਿੱਚ ਅਰਜਨ ਸਿੰਘ ਮਿੱਢਾ ਸਹਾਇਕ ਸਕੱਤਰ, ਸੀਲਾ ਦੇਵੀ, ਡਾ. ਜਸਵੀਰ ਸਿੰਘ, ਪਰਮਜੀਤ ਸਿੰਘ ਸੈਣੀ, ਗੁਰਮੇਲ ਸਿੰਘ ਕਾਹਨਗੜ੍ਹ ਅਤੇ ਜਰਨੈਲ ਸਿੰਘ ਮਘਾਣੀਆਂ ਕਾਰਜਕਾਰਨੀ ਦੇ ਮੈਂਬਰ ਚੁਣੇ ਗਏ।

15 ਨੂੰ ਹਰ ਤਰ੍ਹਾਂ...

ਸਫਾ 1 ਦੀ ਬਾਕੀ

ਕਬੱਡੀ ਕੱਪ ਕਰਵਾਇਆ ਜਾ ਰਿਹਾ ਹੈ, ਜਿਸ ਵਿੱਚ 15 ਫਰਵਰੀ ਨੂੰ 72 ਕਿੱਲੋ ਦੀਆਂ ਟੀਮਾਂ ਆਪਣੀ ਕਲਾ ਦਾ ਪ੍ਰਦਰਸ਼ਨ ਕਰਨਗੀਆਂ ਅਤੇ 16 ਫਰਵਰੀ ਨੂੰ ਅਕੈਡਮੀਆਂ ਦੇ ਮੈਚ ਕਰਵਾਏ ਜਾਣਗੇ। ਹੋਣਹਾਰ ਖਿਡਾਰੀਆਂ ਨੂੰ ਨਕਦ ਇਨਾਮ ਅਤੇ ਸ਼ਾਨਦਾਰ ਸਨਮਾਨ ਚਿੰਨ੍ਹਾਂ ਨਾਲ ਸਨਮਾਨਿਆ ਜਾਵੇਗਾ। ਆਈ ਹੋਈ ਸੰਗਤ ਲਈ ਲਈ ਲੰਗਰ ਅਤੇ ਚਾਹ ਲੱਡੂਆਂ ਦੇ ਭੰਡਾਰੇ ਅਟੁੱਟ ਵਰਤਨਗੇ। ਐਨ.ਆਰ.ਆਈ. ਵੀਰ ਇਸ ਟੂਰਨਾਮੈਂਟ ਦੀ ਅਗਵਾਈ ਕਰਨਗੇ।

ਲਾਇਲਪੁਰ ਖਾਲਸਾ ਕਾਲਜ ਦੇ ਵਿਦਿਆਰਥੀ ਨੂੰ ਸਕਾਲਰਸ਼ਿਪ ਮਿਲੀ

ਜਲੰਧਰ, 13 ਫਰਵਰੀ (ਮਲਕੀਤ ਸਿੰਘ ਬਰਾੜ)-ਲਾਇਲਪੁਰ ਖਾਲਸਾ ਕਾਲਜ ਦਾ ਵਿਦਿਆਰਥੀ ਵਰੁਣ ਬੀ.ਐਸ.ਸੀ. (ਨਾਨ-ਮੈਡੀਕਲ) ਭਾਗ ਤੀਜਾ ਨੇ ਭਾਰਤ ਸਰਕਾਰ ਦੇ ਸਾਇੰਸ ਤੇ ਤਕਨਾਲੋਜੀ ਮੰਤਰਾਲੇ ਵੱਲੋਂ ਵਿਸ਼ਸ਼ ਸਕੀਮ ਤਹਿਤ ਸਕਾਲਰਸ਼ਿਪ ਹਾਸਲ ਕੀਤਾ ਹੈ। ਇਸ ਸਕਾਲਰਸ਼ਿਪ ਵਿੱਚ ਵਰੁਣ ਨੂੰ 2007 ਤੋਂ 2012 ਤੱਕ ਪੰਜ ਸਾਲ ਲਈ 80,000ਰੁਪਏ ਸਲਾਨਾ ਦਿੱਤੇ ਜਾਣਗੇ। ਜਿਸ ਵਿੱਚ 60,000 ਰੁਪਏ ਵਿਦਿਆਰਥੀ ਨੂੰ ਮਿਲਣਗੇ ਅਤੇ 20,000 ਰੁਪਏ ਜਿਸ ਸੰਸਥਾ ਵਿੱਚ ਵਿਦਿਆਰਥੀ ਵਿਦਿਆ ਪ੍ਰਾਪਤ ਕਰ ਰਿਹਾ ਹੈ, ਉਸ ਸੰਸਥਾ ਨੂੰ ਪ੍ਰਾਪਤ ਹੋਣਗੇ। ਇਸ ਹੋਣਹਾਰ ਵਿਦਿਆਰਥੀ ਦੀ ਇਸ ਸ਼ਾਨਦਾਰ ਪ੍ਰਾਪਤੀ ਉੱਤੇ ਕਾਲਜ ਦੀ ਗਵਰਨਿੰਗ ਕੌਂਸਲ ਦੇ ਪ੍ਰਧਾਨ ਸਰਦਾਰਨੀ ਬਲਬੀਰ ਕੌਰ ਨੇ ਵਧਾਈ ਦਿੱਤੀ। ਪ੍ਰਿੰਸੀਪਲ ਡਾ. ਜਸਪਾਲ ਸਿੰਘ ਰੰਧਾਵਾ ਨੇ ਵਿਦਿਆਰਥੀ ਦੀ ਇਸ ਪ੍ਰਾਪਤੀ ਉੱਤੇ ਖੁਸ਼ੀ ਜ਼ਾਹਰ ਕੀਤੀ ਅਤੇ ਉਸ ਦੇ ਉਜਵੱਲ ਭਵਿੱਖ ਲਈ ਕਾਮਨਾ ਕੀਤੀ।

ਜੜ੍ਹੀ-ਬੂਟੀਆਂ ਦੇ ਮਾਹਿਰ...

ਸਫਾ 1 ਦੀ ਬਾਕੀ

ਰਾਮ ਜੀ ਦੀ ਇਸੇ ਖੂਬੀ ਦੇ ਕਾਰਨ ਦੂਰ-ਦੂਰ ਤੋਂ ਲੋਕ ਲਾਇਲਾਜ ਬਿਮਾਰੀਆਂ ਤੋਂ ਗ੍ਰਸਤ ਲੋਕ ਉਨ੍ਹਾਂ ਦੇ ਕੋਲ ਇਲਾਜ ਲਈ ਆਏ ਸਨ। ਉਨ੍ਹਾਂ ਵੱਲੋਂ ਰੋਗ ਕੀਤੇ ਅਨੇਕ ਲੋਕਾਂ ਦੀਆਂ ਕਹਾਣੀਆਂ ਆਮ ਤੌਰ 'ਤੇ ਲੋਕਾਂ ਵਿਚ ਪ੍ਰਸਿੱਧ ਹਨ। ਅਲਾਹਰ ਪਿੰਡ ਦੇ ਹੀ ਲੋਕਾਂ ਦੇ ਅਨੁਸਾਰ ਕੁਝ ਸਮਾਂ ਪਹਿਲਾਂ ਮੁਲਾਨਾ (ਜ਼ਿਲ੍ਹਾ ਅੰਬਾਲਾ) ਦੇ ਮੈਡੀਕਲ ਕਾਲਜ ਦੇ ਡਾਕਟਰ ਉਨ੍ਹਾਂ ਦੇ ਕੋਲ ਇਕ ਅੰਗਰੇਜ਼ ਜੋੜੀ ਨੂੰ ਲੈ ਕੇ ਆਏ, ਜਿਨ੍ਹਾਂ ਦੇ ਬਿਮਾਰ ਬੱਚੇ ਨੂੰ ਅਮਰੀਕੀ ਡਾਕਟਰਾਂ ਨੇ ਵੀ ਲਾਇਲਾਜ ਐਲਾਨ ਕਰ ਦਿੱਤਾ ਸੀ। ਵੈਦ ਤੇਲੂ ਰਾਮ ਜੀ ਨੇ ਉਕਤ ਬੱਚੇ ਨੂੰ ਠੀਕ ਕਰਕੇ ਅਮਰੀਕੀ ਡਾਕਟਰਾਂ ਨੂੰ ਚੁਣੌਤੀ ਦੇ ਦਿੱਤੀ। ਉਕਤ ਅੰਗਰੇਜ਼ ਜੋੜਾ ਅਮਰੀਕੀ ਡਾਕਟਰਾ ਨੂੰ ਉਨ੍ਹਾਂ ਦੀ ਫੋਟੋ ਦਿਖਾਉਣ ਲਈ ਉਨ੍ਹਾਂ ਦੀ ਫੋਟੋ ਲੈ ਕੇ ਗਏ। ਹਸਮੁੱਖ ਸੁਭਾਅ ਦੇ ਵੈਦ ਜੀ ਨੇ ਜੀਵਨ ਭਰ ਕਦੇ ਵੀ ਕਿਸੇ ਦਾ ਸਹਾਰਾ ਨਹੀਂ ਲਿਆ। ਉਹ ਹਮੇਸ਼ਾਂ ਆਪਣੇ ਜੀਵਨ ਆਪਣੀ ਮਰਜ਼ੀ ਨਾਲ ਅਤੇ ਆਪਣੇ ਬਲ 'ਤੇ ਜੀਏ। ਇਥੋਂ ਤੱਕ ਕਿ ਹਰਿਆਣਾ ਸਰਕਾਰ ਵੱਲੋਂ ਪ੍ਰਦਾਨ ਬੁਢਾਪਾ ਪੈਨਸ਼ਨ ਵੀ ਉਨ੍ਹਾਂ ਨੇ ਸਵੀਕਾਰ ਨਹੀਂ ਕੀਤੀ। ਉਹ ਬੁਢਾਪਾ ਪੈਨਸ਼ਨ ਨੂੰ ਸਰਕਾਰ ਭੀਖ ਦਾ ਨਾਮ ਦਿੰਦੇ ਸਨ। 2 ਫਰਵਰੀ, 2010 ਨੂੰ ਚੰਡੀਗੜ੍ਹ ਵਿਚ ਉਨ੍ਹਾਂ ਦੇ ਦੇਹਾਂਤ ਹੋ ਗਿਆ। ਉਹ ਆਪਣੇ ਪਿੱਛੇ ਤਿੰਨ ਪੁੱਤਰ ਅਤੇ ਤਿੰਨ ਪੁੱਤਰੀਆਂ ਛੱਡ ਗਏ ਹਨ। ਉਨ੍ਹਾਂ ਦੇ ਦੇਹਾਂਤ ਨਾਲ ਵੈਦ ਜਗਤ ਵਿਚ ਜੜ੍ਹੀ-ਬੂਟੀਆਂ ਦੇ ਮਾਹਿਰ ਮਹਾਨ ਵੈਦ ਨੂੰ ਗਵਾ ਦਿੱਤਾ ਹੈ।

ਸੰਤ ਜਰਨੈਲ ਸਿੰਘ ਖਾਲਸਾ...

ਸਫਾ 1 ਦੀ ਬਾਕੀ

ਕੀਤੀ। ਓਪਨ ਵਿੱਚ 34 ਟੀਮਾਂ ਨੇ ਹਿੱਸਾ ਲਿਆ ਤੇ ਫਸਵੇਂ ਮੁਕਾਬਲੇ ਹੋ ਰਹੇ ਸਨ। ਖਬਰ ਲਿਖੇ ਜਾਣ ਤੱਕ ਚੇਅਰਮੈਨ ਹਰਿੰਦਰ ਸਿੰਘ ਬਰਾੜ ਨੇ ਟੂਰਨਾਮੈਂਟ ਦੀ ਸਮੂਹ ਨਗਰ ਨਿਵਾਸੀਆਂ ਤੇ ਖੇਡ ਪ੍ਰੇਮੀਆਂ ਨੂੰ ਵਧਾਈ ਦਿੱਤੀ ਤੇ ਕਿਹਾ ਕਿ ਖੇਡਾਂ ਸਾਡੇ ਲਈ ਨਰੋਆ ਸਮਾਜ ਸਿਰਜਦੀਆਂ ਹਨ ਤੇ ਨਸ਼ਿਆਂ ਤੋਂ ਦੂਰ ਰੱਖਦੀਆਂ ਹਨ।

ਪੇਂਡੂ ਲੜਕੇ, ਲੜਕੀਆਂ ਲਈ...

ਸਫਾ 1 ਦੀ ਬਾਕੀ

ਆਤਮ ਵਿਸ਼ਵਾਸ਼ ਦੀ ਭਾਵਨਾ ਪੈਦਾ ਕਰਨ ਉਹਨਾਂ ਯਕੀਨ ਦਿਵਾਇਆ ਕਿ ਰਾਜ ਸਰਕਾਰ ਇਸ ਪ੍ਰੋਗਰਾਮ ਦੀ ਸਫਲਤਾਂ ਲਈ ਠੋਸ ਉਪਰਾਲੇ ਕਰੇਗੀ। ਸ. ਬਾਦਲ ਨੇ ਮੀਟਿੰਗ ਵਿੱਚ ਉਦਯੋਗਾਂ ਦੇ ਉਦਪਾਦਨ ਵਿੱਚ ਵਾਧਾ ਕਰਨ ਅਤੇ ਬੇਰੋਜ਼ਗਾਰ ਨੌਜਵਾਨਾਂ ਨੂੰ ਰੋਜ਼ਗਾਰ ਦੇ ਵਧੇਰੇ ਮੌਕੇ ਪ੍ਰਦਾਨ ਕਰਨ ਲਈ ਤਾਮਿਲਨਾਡੂ ਵਾਂਗ ਉਦਯੋਗਾਂ ਵਿੱਚ ਤਿੰਨ ਸਿਫਟ ਪ੍ਰਣਾਲੀ ਲਾਗੂ ਕਰਨ ਦੇ ਮੁੱਦੇ ਤੇ ਵੀ ਵਿਚਾਰ-ਵਟਾਂਦਰਾਂ ਕੀਤਾ। ਉਹਨਾਂ ਪ੍ਰਮੁੱਖ ਸਕੱਤਰ ਇੰਡਸਟਰੀ ਨੂੰ ਇਸ ਮੁੱਦੇ ਦੀ ਪੜਚੋਲ ਕਰਕੇ ਢੁਕਵਾਂ ਹੱਲ ਲੱਭਣ ਲਈ ਵੀ ਕਿਹਾ। ਉਹਨਾਂ ਕਿਹਾ ਕਿ ਰਾਜ ਵਿੱਚ ਬੇਰੋਜਗਾਰੀ ਦੀ ਗੰਭੀਰ ਸਮੱਸਿਆ ਵੱਖ ਵੱਖ ਸਮਾਜਿਕ ਅਤੇ ਆਰਥਿਕ ਸਮੱਸਿਆਵਾਂ ਪੈਦਾ ਕਰ ਰਹੀ ਹੈ ਅਤੇ ਇਸ ਨੂੰ ਦੂਰ ਕਰਨ ਲਈ ਢੁੱਕਵੇ ਕਦਮ ਚੁੱਕੇ ਜਾ ਰਹੇ ਹਨ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਦਾ ਮੁੱਖ ਟੀਚਾ ਰਾਜ ਨੂੰ ਦੇਸ਼ ਵਿਚ ਪਹਿਲੇ ਨੰਬਰ ਤੇ ਲਿਆਉਣਾ ਹੈ। ਸ੍ਰੀ ਐਸ.ਪੀ. ਓਸਵਾਲ ਅਤੇ ਵੱਖ ਵੱਖ ਉਦਯੋਗਾਂ ਤੋ ਆਏ ਮੈਂਬਰਾਂ ਨੇ ਮੀਟਿੰਗ ਵਿਚ ਵੱਖ ਵੱਖ ਮੁੱਦਿਆਂ ਵਿਸੇਸ਼ ਤੌਰ ਤੇ ਟੈਕਸਟਾਈਲ ਉਦਯੋਗ ਨਾਲ ਸਬੰਧਤ ਮੁੱਦੇ ਉਠਾਏ ਅਤੇ ਕਿਹਾ ਕਿ ਉਦਯੋਗਾਂ ਵਿਚ ਸੁਰੱਖਿਆ ਨੂੰ ਮੱਦੇ ਨਜ਼ਰ ਰੱਖਦਿਆਂ ਪਿੰਡਾਂ ਵਿਚੋ ਔਰਤ ਵਰਕਰਾਂ ਦੀ ਭਰਤੀ ਕਰਨਾ ਮੁੱਖ ਸਮੱਸਿਆ ਹੈ। ਮੁੱਖ ਮੰਤਰੀ ਨੇ ਉਦਯੋਗਪਤੀਆਂ ਅਤੇ ਵਪਾਰਕ ਪ੍ਰਤੀਨਿਧੀਆਂ ਨੂੰ ਭਰੋਸਾ ਦੁਆਇਆ ਕਿ ਸਰਕਾਰ ਉਹਨਾਂ ਦੀ ਹਰ ਸੰਭਵ ਮਦਦ ਕਰੇਗੀ। ਬਾਅਦ ਵਿਚ ਸ. ਬਾਦਲ ਨੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਵਿਗਿਆਨੀਆਂ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹ ਆਪਣੀਆਂ ਨਵੀਆਂ ਖੋਜਾਂ ਨਾਲ ਖੇਤੀ ਅਰਥ ਵਿਵਸਥਾ ਨੂੰ ਇਕ ਨਵੀ ਦਿੱਖ ਪ੍ਰਦਾਨ ਕਰਨ ਅਤੇ ਖੇਤੀ ਉਤਪਾਦਨ ਅਤੇ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਕਰਨ ਨੂੰ ਯਕੀਨੀ ਬਣਾਉਣ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਵਲੋ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨੂੰ ਪਹਿਲਾਂ ਹੀ 20 ਕਰੋੜ ਰੁਪਏ ਰੀਲੀਜ਼ ਕੀਤੇ ਜਾ ਚੁੱਕੇ ਹਨ ਅਤੇ ਯੂਨੀਵਰਸਿਟੀ ਦੀਆਂ ਵਿੱਤੀ ਲੋੜਾਂ ਲਈ ਹਰ ਸਾਲ 75 ਕਰੋੜ ਰੁਪਏ ਦੇਣ ਦਾ ਐਲਾਨ ਕੀਤਾ। ਸ. ਬਾਦਲ ਨੇ ਕਿਸਾਨਾਂ ਨੂੰ ਆਧੁਨਿੱਕ ਖੇਤੀ ਤਕਨਾਲੋਜੀ ਅਤੇ ਖੋਜਾਂ ਲਾਭ ਹੇਠਲੇ ਪੱਧਰ ਤੇ ਦੇਣ ਦੀ ਲੋੜ ਤੇ ਜੋਰ ਦਿੰਦਿਆਂ ਕਿਹਾ ਕਿ ਖੇਤੀ ਨਾਲ ਸਬੰਧਤ ਵੱਖ ਵੱਖ ਵਿਕਾਸ ਪ੍ਰੋਗਰਾਮਾ, ਨਵੇ ਬੀਜਾਂ, ਖਾਦਾਂ ਸਬੰਧੀ ਕਿਸਾਨਾਂ ਨੂੰ ਸਿੱਖਿਅੱਤ ਕਰਨ ਲਈ ਰਾਜ ਵਿੱਚ ਬਲਾਕ ਪੱਧਰ ਤੇ ਕੈਂਪ ਆਯੋਜਿਤ ਕੀਤੇ ਜਾਣਗੇ। ਉਹਨਾ ਖੇਤੀਬਾੜੀ, ਬਾਗਵਾਨੀ ਅਤੇ ਸਬੰਧਤ ਖੇਤਰਾਂ ਦੇ ਵੱਖ ਵੱਖ ਵਿਗਿਆਨੀਆਂ ਨੂੰ ਪੇਡੂ ਖੇਤਰਾਂ ਵਿਚ ਦੌਰੇ ਕਰਕੇ ਕਿਸਾਨਾਂ ਨੂੰ ਅਮਲੀ ਤੌਰ ਤੇ ਪ੍ਰਦਰਸ਼ਿਤ ਕਰਨ ਲਈ ਕਿਹਾ। ਸ. ਬਾਦਲ ਨੇ ਕਿਹਾ ਕਿ ਰਾਜ ਵਿਚ ਖੇਤੀ ਯੋਗ ਜਮੀਨ ਘੱਟਦੀ ਜਾ ਰਹੀ ਹੈ ਅਤੇ ਇਕੱਲਾ ਕਿਸਾਨ ਖੇਤੀ ਮਸ਼ੀਨਰੀ ਦੇ ਖਰਚੇ ਸਹਿਣ ਕਰਨ ਤੋਂ ਅਸਮਰੱਥ ਹੈ। ਉਹਨਾ ਕਿਹਾ ਕਿ ਛੋਟੇ ਕਿਸਾਨਾਂ ਨੂੰ ਖੇਤੀ ਨਾਲ ਸਬੰਧਤ ਮਸ਼ੀਨਰੀ ਕਿਰਾਏ ਤੇ ਦੇਣ ਲਈ ਐਗਰੋ ਸਰਵਿਸ ਕੇਂਦਰ ਸਥਾਪਿਤ ਕਰਨ ਦੀ ਲੋੜ ਹੈ। ਸ. ਬਾਦਲ ਨੇ ਪੇਡੂ ਅਤੇ ਸ਼ਹਿਰੀ ਖੇਤਰਾਂ ਵਿਚ ਬੇਰੋਜਗਾਰੀ ਵਿਚ ਹੋ ਰਹੇ ਵਾਧੇ ਤੇ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਪੀ.ਏ.ਯੂ. ਦੇ ਅਧਿਕਾਰੀ ਦਿਹਾਤੀ ਨੌਜਵਾਨਾਂ ਨੂੰ ਸ਼ਾਰਟ ਟਰਮ ਸਿਖਲਾਈ ਪ੍ਰੋਗਰਾਮ ਸ਼ੁਰੂ ਕਰਨ ਤਾਂ ਕਿ ਬੇਰੋਜ਼ਗਾਰ ਨੌਜਵਾਨ ਸਿਖਲਾਈ ਪ੍ਰਾਪਤ ਕਰਕੇ ਰੋਜਗਾਰ ਪ੍ਰਾਪਤ ਕਰ ਸਕਣ। ਉਹਨਾ ਕਿਹਾ ਕਿ ਪੀ.ਏ.ਯੂ. ਦੇ ਅਧਿਕਾਰੀਆਂ ਅਤੇ ਉਦਯੋਗਪਤੀਆਂ ਦੇ ਆਪਸੀ ਤਾਲਮੇਲ ਨਾਲ ਸ਼ੁਰੂ ਕੀਤੇ ਗਏ ਸ਼ਾਰਟ ਟਰਮ ਕੋਰਸ ਉਦਯੋਗਪਤੀਆਂ ਅਤੇ ਬੇਰੋਜਗਾਰ ਪੇਡੂ ਲੋਕਾਂ ਲਈ ਲਾਹੇਵੰਦ ਸਾਬਤ ਹੋਣਗੇ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਮੁੱਖ ਮੰਤਰੀ ਪੰਜਾਬ ਦੇ ਮੀਡੀਆ ਐਡਵਾਈਜ਼ਰ ਸ. ਹਰਚਰਨ ਸਿੰਘ ਬੈਸ, ਸ੍ਰੀ ਐਨ.ਐਸ. ਕੰਗ ਵਿੱਤ ਕਮਿ▲ਸ਼ਨਰ (ਵਿਕਾਸ), ਸ੍ਰੀ ਐਸ.ਐਸ. ਚੰਨੀ ਪ੍ਰਮੁੱਖ ਸਕੱਤਰ ਉਦਯੋਗ ਵਿਭਾਗ ਪੰਜਾਬ, ਮੁੱਖ ਮੰਤਰੀ ਪੰਜਾਬ ਦੇ ਵਿਸ਼ੇਸ਼ ਪ੍ਰਮੁੱਖ ਸਕੱਤਰ ਸ੍ਰੀ ਕੇ.ਜੇ.ਐਸ. ਚੀਮਾ, ਸ੍ਰੀ ਐਮ.ਐਸ. ਕੰਗ ਉਪ ਕੁਲਪਤੀ ਪੀ.ਏ.ਯੂ. ਅਤੇ ਜਿਲਾ ਪ੍ਰਸ਼ਾਸ਼ਨ ਤੇ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਵੀ ਹਾਜ਼ਰ ਸਨ।

ਅਬਦੁਲ ਰਹਿਮਾਨ ਖਾਂ ਵੱਲੋਂ ਨਵੀਂਆਂ ਫ਼ਿਲਮਾਂ ਦਾ ਨਿਰਮਾਣ

ਅੰਮ੍ਰਿਤਸਰ, 13 ਫਰਵਰੀ (ਮੋਤਾ ਸਿੰਘ)-ਉੱਘੇ ਸਮਾਜ ਸੇਵੀ ਅਤੇ ਪੀਸ ਫਾਰ ਵਰਲਡ ਸੰਸਥਾ ਦੇ ਪ੍ਰਧਾਨ ਜਨਾਬ ਅਬਦੁਲ ਰਹਿਮਾਨ ਖਾਂ ਅੱਜਕੱਲ੍ਹ ਵਤਨੇ ਮੁਹੱਬਤ, ਆਪਸੀ ਭਾਈਚਾਰੇ ਦੀ ਮਜ਼ਬੂਤੀ ਅਤੇ ਸਮਾਜਿਕ ਬੁਰਾਈਆਂ ਦੇ ਖਿਲਾਫ ਪੈਗਾਮ ਦੇਣ ਵਾਲੀਆਂ ਟੈਲੀ ਫਿਲਮਾਂ ਬਣਾ ਰਹੇ ਹਨ। ਫਿਲਮਾਂ ਦੇ ਨਿਰਮਾਤਾ ਜਨਾਬ ਅਬਦੁਲ ਰਹਿਮਾਨ ਖਾਂ ਨੇ ਪਹਿਲੀ ਹਿੰਦੀ ਟੈਲੀ ਫਿਲਮ ਚਿਹਰੇ ਪੇ ਚਿਹਰਾ ਤੋਂ ਬਾਅਦ ਵਰਲਡ ਟੂ ਡੇ ਪ੍ਰੋਡਕਸ਼ਨ ਦੇ ਬੈਨਰ ਹੇਠ ਤਿੰਨ ਹੋਰ ਹਿੰਦੀ ਫਿਲਮਾਂ ਯੇਹ ਵਾਦਾ, ਨੌ ਦੋ ਗਿਆਰਾਂ ਦਿਸ ਕ੍ਰਾਈਮ ਬਣਾ ਰਹੇ ਹਨ। ਅਬਦੁਲ ਰਹਿਮਾਨ ਦੇ ਨਾਲ ਨਿਰਦੇਸ਼ਕ ਪਰਮਜੀਤ ਪਰਮ, ਕਾਰਜਕਾਰੀ ਨਿਰਦੇਸ਼ਕ ਓਮ ਕਲਹਣ, ਦਲਜੀਤ, ਅਲਕਾ, ਰਾਹੁਲ, ਦਲਜੀਤ ਸਿੰਘ, ਮੀਨਾਕਸ਼ੀ, ਕ੍ਰਿਸ਼ਨ ਕੁਮਾਰ, ਸਰਬਜੀਤ ਸਫਰੀ, ਨਰਿੰਦਰ ਨੰਦੂ, ਸੰਦੀਪ ਕੌਰ, ਨਰਿੰਦਰ, ਲਵਪ੍ਰੀਤ, ਹਰਮਨ ਕੌਰ, ਸੁਖਪਾਲ, ਇੰਦਰਜੀਤ ਸਿੰਘ, ਰਾਜੇਸ਼ ਕੁਮਾਰ ਗੁਰਬਚਨ ਸਿੰਘ ਸ਼ੇਰਗਿੱਲ, ਰਜੇਸ਼, ਗੋਲਡੀ ਆਦਿ ਸਾਥ ਦੇ ਰਹੇ ਹਨ।

ਮਨੀਸ਼ ਤਿਵਾੜੀ ਪਰਿਵਾਰ...

ਸਫਾ 1 ਦੀ ਬਾਕੀ

ਕੇ ਜਨ ਹਿਤ ਦੇ ਮੱਦੇ-ਨਜ਼ਰ ਵਿਅੰਗ ਕੱਸਿਆ ਕਿ ਸੂਬੇ ਦੀ ਸੱਤਾਧਾਰੀ ਅਕਾਲੀ-ਭਾਜਪਾ ਗਠਬੰਧਨ ਸਰਕਾਰ ਪੂਰੀ ਤਰ੍ਹਾਂ ਜਨ ਵਿਰੋਧੀ ਸਾਬਤ ਹੋ ਚੁੱਕੀ ਹੈ। ਸਰਕਾਰ ਦੀ ਗਲਤ ਨੀਤੀਆਂ ਦੇ ਕਾਰਨ ਸੂਬੇ ਦਾ ਆਰਥਿਕ ਢਾਂਚਾ ਪੂਰੀ ਤਰ੍ਹਾਂ ਬਰਬਾਦ ਹੋ ਚੁੱਕਿਆ ਹੈ। ਜਿਸ ਦੇ ਕਾਰਨ ਦਿਵਾਲੀਆ ਪਨ ਹੋਣ ਦੀ ਹਾਲਤ ਹੋ ਗਈ ਹੈ ਅਤੇ ਸਮਾਜ ਦਾ ਹਰ ਵਰਗ ਸਮੱਸਿਆਵਾਂ ਤੋਂ ਹਾਲੋ-ਬੇਹਾਲ ਹੈ। ਖਾਸ ਕਰਕੇ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਜੰਮ ਕੇ ਕਰੜੇ ਹੱਥੀਂ ਲੈਂਦੇ ਹੋਏ ਸਾਂਸਦ ਸ੍ਰੀ ਤਿਵਾੜੀ ਨੇ ਤਿੱਖੀ ਨਿਰਾਸ਼ਾ ਜਿਤਾਈ ਕਿ ਘੱਟ ਤੋਂ ਘੱਟ ਹੁਣ ਤਾਂ ਸੂਬੇ ਅਤੇ ਆਰਥਿਕ ਰਾਜਧਾਨੀ ਲੁਧਿਆਣਾ ਦੀ ਜਨਤਾ ਨੂੰ ਗੁੰਮਰਾਹ ਨਾ ਕੀਤਾ ਜਾਵੇ। ਪੰਜਾਬ ਵਿਚ ਬੜੇ ਬੜੇ ਪ੍ਰੋਜੈਕਟ ਲਗਾਉਣੇ ਅਤੇ ਲੁਧਿਆਣਾ ਵਿਚ ਮੈਟਰੋ ਟਰੇਨ ਚਲਾਉਣ ਵਰਗੇ ਚੋਣ ਵਾਅਦੇ ਭੁੱਲ ਚੁੱਕੇ ਸੁਖਬੀਰ ਅਤੇ ਤਮਾਮ ਅਕਾਲੀ-ਭਾਜਪਾ ਆਗੂ ਹੁਣ ਵੀ ਭੋਲੀ-ਭਾਲੀ ਜਨਤਾ ਨੂੰ ਮੁੰਗੇਰੀ ਲਾਲ ਦੇ ਹੁਸੀਨ ਸੁਪਨੇ ਦਿਖਾਉਣ ਤੋਂ ਗੁਰੇਜ਼ ਨਹੀਂ ਕਰ ਰਹੇ। ਉਨ੍ਹਾਂ ਨੇ ਸਲਾਹ ਦਿੱਤੀ ਕਿ ਝੂਠੇ ਵਾਅਦੇ ਕਰਨ ਦੀ ਬਜਾਏ ਅਕਾਲੀ-ਭਾਜਪਾ ਗਠਬੰਧਨ ਸਰਕਾਰ ਪੰਜਾਬ ਦੀ ਜਨਤਾ ਦੇ ਹਿੱਤਾਂ ਬਾਰੇ ਸੋਚਣ ਨਹੀਂ ਤਾਂ ਅਗਲੀਆਂ ਵਿਧਾਨ ਸਭਾ ਚੋਣਾਂ ਵਿਚ ਪੰਜਾਬ ਦੀ ਜਨਤਾ ਉਨ੍ਹਾਂ ਤੋਂ ਸਾਰਾ ਹਿਸਾਬ-ਕਿਤਾਬ ਪੂਰਾ ਕਰ ਲਏਗੀ।

ਮੈਨੂੰ ਸਿਆਸੀ ਸਜਿਸ਼ ਨਾਲ...

ਸਫਾ 1 ਦੀ ਬਾਕੀ

ਉਨ੍ਹਾਂ ਨੂੰ ਕਦੇ ਮਿਲਿਆ ਨਹੀਂ ਨਾ ਹੀ ਉਹ ਮੇਰੇ ਘਰ ਕਦੇ ਆਏ। ਮੈਨੂੰ ਗ੍ਰਿਫਤਾਰ ਪਹਿਲਾਂ ਕੀਤਾ ਗਿਆ ਐਫ.ਆਰ.ਆਈ. ਬਾਅਦ ਵਿੱਚ ਦਰਜ ਕੀਤੀ ਗਈ। ਐਫ.ਆਈ.ਆਰ. ਵਿੱਚ ਉਹੀ ਚੀਜ ਦਰਜ ਕੀਤੀ ਗਈ, ਜੋ ਮੇਰੇ ਗ੍ਰਿਫਤਾਰੀ ਤੋਂ ਬਾਅਦ ਪੁੱਛੀ ਗਈ। ਸ੍ਰੀ ਜੰਜੂਆ ਨੇ ਵਿਜੀਲੈਂਸ ਡਾਇਰੈਕਟਰ ਸੁਮੇਧ ਸਿੰਘ ਸੈਣੀ ਤੇ ਗੰਭੀਰ ਦੋਸ਼ ਲਾਉਂਦੇ ਹੋਏ ਕਿਹਾ ਕਿ ਪੰਜਾਬ ਵਿਜੀਲੈਂਸ ਦੀ ਸੀਮਾ ਪੰਜਾਬ ਚੰਡੀਗੜ੍ਹ ਵਿੱਚ ਜੋ ਉਸ ਤੇ ਟ੍ਰੈਪ ਲਗਾਇਆ ਗਿਆ, ਉਹ ਗੈਰ-ਕਾਨੂੰਨੀ ਸੀ। ਉਨ੍ਹਾਂ ਨ ਸੈਣੀ ਖਿਲਾਫ ਚੰਡੀਗੜ੍ਹ ਦੇ ਸੈਕਟਰ-17 ਵਿੱਚ ਇੱਕ ਸ਼ਿਕਾਇਤ ਦਿੱਤੀ ਹੈ ਪਰ ਚੰਡੀਗੜ੍ਹ ਪੁਲਿਸ ਨੇ ਕੋਈ ਕੇਸ ਦਰਜ ਨਹੀਂ ਕੀਤਾ। ਉਨ੍ਹਾਂ ਨੇ ਹੋਰ ਵੀ ਕਦੀ ਵਿਜੀਲੈਂਸ ਦੇ ਅਧਿਕਾਰੀਆਂ ਵਿਰੁੱਧ ਨਾ ਕਰਵਾਉਣ ਲਈ ਚੰਡੀਗੜ੍ਹ ਪੁਲਿਸ ਨੂੰ ਸ਼ਿਕਾਇਤ ਦਰਜ ਕਰਵਾਈ ਹੈ, ਪਰ ਅਜੇ ਤੱਕ ਕੋਈ ਕਾਰਵਾਈ ਵੀ ਨਹੀਂ। ਉੱਧਰ ਚੰਡੀਗੜ੍ਹ ਪੁਲਿਸ ਦਾ ਕਹਿਣਾ ਹੈ ਕਿ ਵੀ .ਕੇ. ਜੰਜੂਆ ਵੱਲੋਂ ਦਰਜ ਕਰਵਾਈ ਸ਼ਿਕਾਇਤ ਉੱਤੇ ਉਹ ਜਾਂਚ ਪੜਤਾਲ ਕਰ ਰਹੀ ਹੈ।

ਫ਼ੈਡਰੇਸ਼ਨ ਗਰੇਵਾਲ ਨੇ ਖਾਲਸਾਈ...

ਸਫਾ 1 ਦੀ ਬਾਕੀ

ਨਿਸ਼ਾਨ ਹਨ, ਇਸ ਲਈ ਇਸ ਮਹਾਨ ਧਾਰਮਿਕ ਸੰਸਥਾ ਨੂੰ ਕੋਈ ਚੁਣੌਤੀ ਨਹੀ ਦਿੱਤੀ ਜਾ ਸਕਦੀ। ਉਨ੍ਹਾਂ ਆਖਿਆ ਕਿ ਫ਼ੈਡਰੇਸ਼ਨ ਨੂੰ ਅੱਜ "ਸਕੰਲਪ ਦਿਵਸ" ਉਨ੍ਹਾਂ ਪੰਥ ਵਿਰੋਧੀ ਸ਼ਕਤੀਆਂ ਨੂੰ ਚਿਤਾਵਨੀ ਦੇਣ ਲਈ ਮਨਾਉਣਾ ਪਿਆ ਹੈ, ਜਿਹੜੀਆਂ ਸ਼ਕਤੀਆਂ ਇਸ ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਨੂੰ ਚੁਣੌਤੀ ਦੇ ਕੇ ਇਸਦੇ ਸਤਿਕਾਰ ਨੂੰ ਠੇਸ ਪਹੁੰਚਾਉਣਾ ਚਾਹੁੰਦੀਆਂ ਹਨ। ਭਾਈ ਗਰੇਵਾਲ ਨੇ ਕਿਹਾ ਕਿ ਭਾਵੇਂ ਸ਼੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨ ਭਗਤੀ ਤੇ ਸ਼ਕਤੀ ਦੇ ਸੁਮੇਲ ਲਈ ਹੋਈ ਹੈ, ਪ੍ਰੰਤੂ ਸ਼੍ਰੀ ਅਕਾਲ ਤਖ਼ਤ ਸਾਹਿਬ ਰਾਜਨੀਤੀ ਤੇ ਧਰਮ ਦਾ ਕੁੰਡਾ ਹੈ ਅਤੇ ਇਸਦੀ ਵਰਤੋ ਕਿਸੇ ਨੂੰ ਰਾਜਸੀ ਲਾਹੇ ਲਈ ਨਹੀ ਕਰਨ ਦਿੱਤੀ ਜਾਵੇਗੀ। ਉਨ੍ਹਾਂ ਆਖਿਆ ਕਿ ਜਿਹੜੇ ਵਿਅਕਤੀ ਸ਼੍ਰੀ ਅਕਾਲ ਤਖ਼ਤ ਸਾਹਿਬ ਨਾਲ ਮੱਥਾ ਲਾਉਣ ਦੀ ਮੂਰਖਤਾ ਕਰ ਰਹੇ ਹਨ, ਉਨ੍ਹਾਂ ਨੂੰ ਇਤਿਹਾਸ ਤੋ ਸਬਕ ਸਿੱਖਣ ਦੀ ਲੋੜ ਹੈ, ਸ਼੍ਰੀ ਅਕਾਲ ਤਖ਼ਤ ਸਾਹਿਬ ਤੋ ਬਾਗੀ ਹੋਏ ਕਿਸੇ ਵਿਅਕਤੀ ਨੂੰ ਸਿੱਖਾਂ ਨੇ ਕਦੇ ਵੀ ਮੂੰਹ ਨਹੀ ਲਾਇਆ। ਉਨ੍ਹਾਂ ਆਖਿਆ ਕਿ ਫ਼ੈਡਰੇਸ਼ਨ ਹੁਣ ਸ੍ਰ ਅਕਾਲ ਤਖ਼ਤ ਸਾਹਿਬ ਦੇ ਸਿਪਾਹੀ ਦਾ ਰੋਲ ਨਿਭਾਊਗੀ ਅਤੇ ਕਿਸੇ ਨੂੰ ਵੀ ਸ਼੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਨੂੰ ਚੁਣੌਤੀ ਦੇਣ ਦੀ ਆਗਿਆ ਨਹੀ ਦਿੱਤੀ ਜਾਵੇਗੀ। ਉਨ੍ਹਾਂ ਆਖਿਆ ਕਿ ਫ਼ੈਡਰੇਸ਼ਨ ਵੱਲੋਂ ਇਸ ਸਬੰਧੀ ਜਾਗਰੂਕਤਾ ਲਹਿਰ ਦਾ ਵੀ ਅੱਜ ਆਰੰਭ ਕਰ ਦਿੱਤਾ ਗਿਆ ਹੈ ਅਤੇ ਹਰ ਸ਼ਹਿਰ ਕਸਬੇ ਤੇ ਪਿੰਡਾਂ 'ਚ ਵੱਖ-ਵੱਖ ਸਮਾਗਮ ਕਰਕੇ ਸ਼੍ਰੀ ਅਕਾਲ ਤਖ਼ਤ ਦੀ ਸਰਵਉੱਚਤਾ ਦੀ ਰਾਖੀ ਲਈ ਅਤੇ ਇਸ ਮਹਾਨ ਤਖ਼ਤ ਦੀ ਸਿਰਜਣਾ ਦੇ ਉਦੇਸਾਂ ਸਬੰਧੀ ਸੰਗਤਾਂ ਨੂੰ ਜਾਗਰੂਕ ਕਰਕੇ ਇਸ ਲਹਿਰ ਦਾ ਹਿੱਸਾ ਬਣਾਇਆ ਜਾਵੇਗਾ। ਉਨ੍ਹਾਂ ਇਸ ਸਮੇਂ ਪ੍ਰੋ ਦਰਸ਼ਨ ਸਿੰਘ ਰਾਗੀ ਨੂੰ ਅਪੀਲ ਕੀਤੀ ਕਿ ਉਹ ਤੁਰੰਤ ਨਿਮਾਣੇ ਸਿੱਖ ਬਣ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁੱਖ ਪੇਸ਼ ਹੋਣ ਨਹੀ ਤਾਂ ਫ਼ੈਡਰੇਸ਼ਨ ਆਪਣਾ "ਪਹਿਰੇਦਾਰੀ" ਦਾ ਰੋਲ ਨਿਭਾਉਣ ਲਈ ਮਜਬੂਰ ਹੋਵੇਗੀ। ਇਸ ਮੌਕੇ ਭਾਈ ਗੁਰਬਖ਼ਸ਼ ਸਿੰਘ ਨਵਾਂ ਸ਼ਹਿਰ ਸ੍ਰ ਕਮੇਟੀ ਮੈਬਰ, ਪਰਮਜੀਤ ਸਿੰਘ ਧਰਮ ਸਿੰਘ ਵਾਲਾ, ਭਾਈ ਕੁਲਵੰਤ ਸਿੰਘ ਕੰਵਲ, ਕੰਵਲਜੀਤ ਸਿੰਘ ਲਾਲੀ, ਗੁਰਜੀਤ ਸਿੰਘ ਗੱਗੀ, ਭੁਪਿੰਦਰ ਸਿੰਘ ਨਾਗੋਕੇ, ਪ੍ਰੀਤਮ ਸਿੰਘ ਕਾਦਰ ਵਾਲਾ, ਭੁਪਿੰਦਰ ਸਿੰਘ ਬਜਰੂੜ, ਸੁਖਦੀਪ ਸਿੰਘ ਸਿੱਧਵਾਂ,ਵਰਿੰਦਰਜੋਤ ਸਿੰਘ ਜੋਤੀ, ਮਧੂਪਾਲ ਸਿੰਘ ਗੋਗਾ, ਡਾ ਕੁਲਦੀਪ ਸਿੰਘ ਤਰਨਤਾਰਨ, ਦਿਸ਼ਾਦੀਪ ਸਿੰਘ ਵਾਰਿਸ, ਦਵਿੰਦਰ ਸਿੰਘ ਮਰਦਾਨਾ, ਸੁਰਜੀਤ ਸਿੰਘ ਗਿੱਲ, ਵਰਿੰਦਰ ਸਿੰਘ ਕੋਕਰੀ, ਦਿਲਬਾਗ ਸਿੰਘ ਵਿਰਕ, ਪਰਮਜੀਤ ਸਿੰਘ ਕਲਸੀ, ਸਰਵਣ ਸਿੰਘ ਮਾਹਲ, ਅਮਨਦੀਪ ਸਿੰਘ ਧੰਜੂ, ਮਨਜੀਤ ਸਿੰਘ, ਸੁਰਿੰਦਰ ਸਿੰਘ ਅਰੋੜਾ, ਪ੍ਰਗਟ ਸਿੰਘ ਮਾਗਾਸਰਾਏ, ਗੁਰਪ੍ਰੀਤ ਸਿੰਘ ਲਹਿਲ, ਗਗਨਦੀਪ ਸਿੰਘ ਮੁੱਲਾਂਪੁਰ, ਕੰਵਲਦੀਪ ਸਿੰਘ ਮੇਹਰਬਾਨ, ਹਿੰਮਤ ਸਿੰਘ ਰਾਜਾ, ਅਮਰੀਕ ਸਿੰਘ ਲਾਲੀ ਕੌਸਲਰ, ਗੁਰਬਖ਼ਸ਼ ਸਿੰਘ ਸੇਖੋਂ, ਜਸਵਿੰਦਰ ਸਿੰਘ ਬਾਬਾ ਬਕਾਲਾ, ਡਾ ਦਿਲਬਾਗ ਸਿੰਘ ਤਰਨਤਾਰਨ, ਬਲਜੀਤ ਸਿੰਘ ਵਰਨਾਲਾ, ਬਲਵਿੰਦਰ ਸਿੰਘ ਸੰਧੂ, ਗੁਰਦੀਪ ਸਿੰਘ ਨਾਗੀ, ਸ.ਸ. ਨੀਟਾ ਅੰਮ੍ਰਿਤਸਰ, ਯੂਥ ਆਗੂ ਪ੍ਰਿੰਸ, ਅਵਤਾਰ ਸਿੰਘ ਤਾਰੀ, ਜੱਥੇਦਾਰ ਕੁਲਵੰਤ ਸਿੰਘ ਨਹਿੰਗ ਸਿੰਘ, ਜੱਥੇਦਾਰ ਸੰਤੋਖ ਸਿੰਘ, ਸਤਨਾਮ ਸਿੰਘ ਚੱਬਾ, ਹਰਭਜਨ ਸਿੰਘ ਪਲਾਸੌਰ ਆਗੂ ਹਾਜ਼ਰ ਸਨ।

ਸ੍ਰ. ਬਲਬੀਰ ਸਿੰਘ ਦੀ ਦੂਸਰੀ ਬਰਸੀ ਮਨਾਈ

ਜਲੰਧਰ, 13 ਫਰਵਰੀ (ਮਲਕੀਤ ਸਿੰਘ ਬਰਾੜ)-ਲਾਇਲਪੁਰ ਖਾਲਸਾ ਕਾਲਜ ਦੀ ਗਵਰਨਿੰਗ ਕੌਂਸਲ ਸਟਾਫ ਅਤੇ ਵਿਦਿਆਰਥੀਆਂ ਵੱਲੋਂ ਸਵਰਗੀ ਸਰਦਾਰ ਬਲਬੀਰ ਸਿੰਘ ਸਾਬਕਾ ਐਮ.ਪੀ. ਦੀ ਦੂਸਰੀ ਬਰਸੀ ਕਾਲਜ ਦੇ ਗੁਰਦੁਆਰਾ ਸਾਹਿਬ ਵਿਖੇ ਬਹੁਤ ਸ਼ਰਧਾ ਅਤੇ ਸਤਿਕਾਰ ਨਾਲ ਮਨਾਈ ਗਈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਦੇ ਭੋਗ ਪਾਏ ਗਏ। ਉਪਰੰਤ ਕੀਰਤਨੀ ਜਥੇ ਨੇ ਸੰਗਤ ਨੂੰ ਵੈਰਾਗਮਈ ਕੀਰਤਨ ਰਾਹੀਂ ਸ਼ਬਦ ਗੁਰੂ ਨਾਲ ਜੋੜਿਆ। ਇਸ ਸਮੇਂ ਸਵਰਗੀ ਸਰਦਾਰ ਬਲਬੀਰ ਸਿੰਘ ਦੀਆਂ ਵੱਖ-ਵੱਖ ਖੇਤਰਾਂ ਵਿੱਚ ਸੇਵਾਵਾਂ ਨੂੰ ਯਾਦ ਕੀਤਾ ਗਿਆ। ਇਸ ਸਮੇਂ ਕਾਲਜ ਦੀ ਗਵਰਨਿੰਗ ਕੌਂਸਲ ਦੀ ਪ੍ਰਧਾਨ ਸਰਦਾਰਨੀ ਬਲਬੀਰ ਕੌਰ, ਮੀਤ ਪ੍ਰਧਾਨ ਸ੍ਰ. ਚੰਨਣ ਸਿੰਘ ਚਿੱਟੀ, ਮੈਂਬਰ ਸ੍ਰ. ਕਰਮਜੀਤ ਸਿੰਘ, ਸ੍ਰ. ਦੀਪਇੰਦਰ ਸਿੰਘ ਪੁਰੇਵਾਲ, ਸ੍ਰ. ਅਜੀਤ ਸਿੰਘ ਢਿੱਲੋਂ, ਸ੍ਰ. ਜਸਪਾਲ ਸਿੰਘ ਵੜੈਚ, ਸੰਯੁਕਤ ਸਕੱਤਰ ਡਾ. ਜਸਪਾਲ ਸਿੰਘ ਰੰਧਾਵਾ, ਪ੍ਰਿੰਸੀਪਲ, ਸਮੂਹ ਸਟਾਫ ਅਤੇ ਵੱਡੀ ਗਿਣਤੀ ਵਿੱਚ ਵਿਦਿਆਰਥੀ ਹਾਜ਼ਰ ਸਨ।

ਬੀਬਾ ਹਰਸਿਮਰਤ ਕੌਰ ਬਾਦਲ 15 ਨੂੰ ਹਲਕਾ ਤਲਵੰਡੀ ਸਾਬੋ ਦੌਰੇ 'ਤੇ

ਤਲਵੰਡੀ ਸਾਬੋ, 13 ਫਰਵਰੀ (ਰਣਜੀਤ ਸਿੰਘ ਰਾਜੂ)-ਪੰਜਾਬ ਦੇ ਉੱਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਧਰਮ ਪਤਨੀ ਅਤੇ ਬਠਿੰਡਾ ਤੋਂ ਲੋਕ ਸਭਾ ਮੈਂਬਰ ਬੀਬਾ ਹਰਸਿਮਰਤ ਕੌਰ ਬਾਦਲ 15 ਫਰਵਰੀ ਨੂੰ ਹਲਕਾ ਤਲਵੰਡੀ ਸਾਬੋ ਦੇ ਪਿੰਡਾਂ ਦਾ ਦੌਰਾ ਕਰਨਗੇ ਅਤੇ ਪਿੰਡਾਂ ਵਿੱਚ ਕਈ ਵਿਕਾਸ ਕਾਰਜਾਂ ਦਾ ਨੀਂਹ ਪੱਥਰ ਰੱਖਣਗੇ। ਇਹ ਜਾਣਕਾਰੀ ਯੂਥ ਅਕਾਲੀ ਦਲ ਦੇ ਕੌਮੀ ਜਨਰਲ ਸਕੱਤਰ ਸੁਖਮਨ ਸਿੰਘ ਸਿੱਧੂ ਨੇ ਕਈ ਪਿੰਡਾਂ ਦੇ ਦੌਰੇ ਤੋਂ ਬਾਅਦ ਦਿੱਤੀ। ਉਨ੍ਹਾਂ ਦੱਸਿਆ ਕਿ ਬੀਬੀ ਬਾਦਲ ਨੇੜਲੇ ਪਿੰਡਾਂ ਜਗ੍ਹਾ ਰਾਮ ਤੀਰਥ, ਨੰਗਲਾ, ਨਥੇਹਾ, ਗੋਲੇਵਾਲਾ, ਕਲਾਲਵਾਲਾ, ਫੱਤਾ ਬਾਲੂ ਅਤੇ ਰਾਈਆਂ ਆਦਿ ਦਾ ਦੌਰਾ ਕਰਨਗੇ। ਬੀਬੀ ਬਾਦਲ ਜਿੱਥੇ ਪਿੰਡ ਜਗ੍ਹਾ ਰਾਮ ਤੀਰਥ ਵਿਖੇ ਨਵੇ ਬਣੇ ਬਿਜਲੀ ਗਰਿੱਡ ਦਾ ਉਦਘਾਟਨ ਕਰਨਗੇ. ਉਥੇ ਟਿਊਬਵੈੱਲ ਕਾਰਪੋਰੇਸ਼ਨ ਦੀ ਮਦਦ ਨਾਲ ਨੰਗਲਾ ਪਿੰਡਾਂ ਦੇ ਲੋਕਾਂ ਲਈ ਪੀਣ ਵਾਲਾ ਪਾਣੀ ਦੇ ਪ੍ਰਜੈਕਟ ਦਾ ਨੀਂਹ ਪੱਥਰ ਰੱਖਣਗੇ।

ਸੰਤ ਤਰਲੋਕ ਸਿੰਘ ਸਤਿਸੰਗ ਘਰ...

ਸਫਾ 1 ਦੀ ਬਾਕੀ

ਢੇਸੀਆਂ ਵਿੱਚ ਉਸਾਰੀਆਂ ਧਾਰਮਿਕ ਅਸਥਾਨਾਂ ਦੀਆਂ ਇਮਾਰਤਾਂ ਨੂੰ ਹੋਰ ਵੀ ਸੁੰਦਰ ਰੂਪ ਅਤੇ ਵਿਸਥਾਰ ਆਕਾਰ ਪ੍ਰਦਾਨ ਕੀਤਾ। ਉਨ੍ਹਾਂ ਵੱਲੋਂ ਉਸਾਰੀਆਂ ਹੋਰ ਇਮਾਰਤਾਂ ਭਵਨ ਉਸਾਰੀ ਕਲਾ ਦਾ ਸੁੰਦਰ ਨਮੂਨਾ ਹਨ। ਉਨ੍ਹਾਂ ਨੇ ਸੰਤ ਤਰਲੋਕ ਸਿੰਘ ਹੋਰਾਂ ਦੀ ਯਾਦ ਵਿੱਚ ਢੇਸੀਆਂ ਕਾਹਨਾਂ ਵਿਖੇ ਵਿਸ਼ਾਲ ਹਾਲ ਦੀ ਤਿਆਰੀ ਕਰਵਾਈ।

ਇਸ ਦੀ ਮੀਨਾਕਾਰੀ ਵੇਖਣਯੋਗ ਹੈ। ਇਸ ਤੋਂ ਇਲਾਵਾ ਤਿੰਨ ਮੰਜਿਲਾਂ ਲੰਗਰ ਹਾਲ, ਗੁਰੂ ਨਾਨਕ ਸਰਾਂ ਤੇ ਪ੍ਰਵਾਸੀ ਭਾਰਤੀਆਂ ਲਈ ਏ.ਸੀ.ਸਰਾਂ ਦੀ ਉਸਾਰੀ ਵੀ ਕਰਵਾਈ ਗਈ। ਉਨ੍ਹਾਂ ਨੇ ਸੁੰਦਰ ਭਵਨ ਹੀ ਤਿਆਰ ਨਹੀਂ ਕੀਤੇ। ਇਲਾਕੇ ਦੇ ਪਿੰਡਾਂ ਦੀਆਂ ਸੜਕਾਂ ਦੀ ਮੁਰੰਮਤ, ਨਵੀਆਂ ਤੇ ਚੌੜੀਆਂ ਸੜਕਾਂ ਦੇ ਨਿਰਮਾਣ ਤੋਂ ਇਲਾਵਾ ਗਰੀਬਾਂ ਦੀ ਭਲਾਈ ਤੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣ ਲਈ ਖੇਡਾਂ ਦੇ ਮੁਕਾਬਲੇ ਕਰਵਾਉਣੇ ਵੀ ਸ਼ੁਰੂ ਕਰ ਦਿੱਤੇ। ਇਸ ਤੋਂ ਇਲਾਵਾ ਉਨ੍ਹਾਂ ਵੱਲੋਂ ਇਲਾਕੇ ਵਿੱਚ ਵਿੱਦਿਆ ਦੇ ਪ੍ਰਚਾਰ ਲਈ ਸਕੂਲ, ਚੈਰੀਟੇਬਲ ਹਸਪਤਾਲ ਤੇ ਹੋਰ ਅਨੇਕਾਂ ਸੰਸਥਾਵਾਂ ਕਾਇਮ ਕਰਨ ਦੀਆਂ ਯੋਜਨਾਵਾਂ ਵੀ ਬਣਾਈਆਂ ਗਈਆਂ। ਇਨ੍ਹਾਂ ਕਾਰਜਾਂ ਲਈ ਉਨ੍ਹਾਂ ਨੇ ਸੰਤ ਤਰਲੋਕ ਸਿੰਘ ਸਤਿਸੰਗ ਘਰ ਧਾਰਮਿਕ ਤੇ ਚੈਰੀਟੇਬਲ ਟਰੱਸਟ ਢੇਸੀਆਂ ਕਾਹਨਾਂ ਦੀ ਸਥਾਪਨਾ ਕੀਤੀ। ਇਸ ਟਰੱਸਟ ਦੇ ਸੰਚਾਲਨ ਲਈ ਉਨ੍ਹਾਂ ਆਪਣੇ ਛੋਟੇ ਸਮਾਜ ਸੇਵੀ ਹੋਣਹਾਰ ਸਪੁੱਤਰ ਸ. ਸੁਰਿੰਦਰ ਸਿੰਘ ਬਬਲਾ ਨੂੰ ਇਸ ਟਰੱਸਟ ਦੇ ਚੇਅਰਮੈਨ ਬਣਾਇਆ। ਇਸ ਟਰੱਸਟ ਨੇ ਸੰਤ ਗੁਰਮੇਲ ਸਿੰਘ ਹੋਰਾਂ ਦੀ ਅਗਵਾਈ ਹੇਠ ਅਨੇਕਾਂ ਸਮਾਜ ਭਲਾਈ ਦੇ ਵੱਡੇ ਕਾਰਜ ਕੀਤੇ।

ਸੰਤ ਗੁਰਮੇਲ ਸਿੰਘ ਜੀ ਵੱਡੀ ਉਮਰ ਅਤੇ ਸਿਹਤ ਠੀਕ ਨਾ ਹੋਣ ਦੇ ਬਾਵਜੂਦ ਵੀ ਜਿੰਨਾ ਵੀ ਸੰਭਵ ਹੋ ਸਕਿਆ ਸੰਗਤ ਦੀ ਧਾਰਮਿਕ ਤੇ ਸਮਾਜਿਕ ਤੌਰ ਤੇ ਸੇਵਾ ਵਿੱਚ ਹਾਜ਼ਰ ਰਹੇ। ਸਤਿਸੰਗ ਘਰ ਵਿਖੇ ਹੋਣ ਵਾਲੇ ਹਰੇਕ ਛੋਟੇ-ਵੱਡੇ ਸਮਾਗਮ ਵਿੱਚ ਉਹ ਵਿਸ਼ੇਸ਼ ਤੌਰ ਤੇ ਸੰਗਤਾਂ ਦੇ ਦਰਸ਼ਨ ਕਰਨ ਲਈ ਸਰੀਰਕ ਕਸਟ ਸਹਿੰਦੇ ਹੋਏ ਵੀ ਸੰਗਤ ਤੱਕ ਜਰੂਰ ਆਉਂਦੇ। ਸੰਗਤ ਦੀ ਸੇਵਾ ਵਿੱਚ ਰਹਿੰਦਿਆਂ ਹੀ ਉਹ ਪਿਛਲੇ ਸਾਲ 14 ਫਰਵਰੀ ਨੂੰ ਸੰਤ ਗੁਰਮੇਲ ਸਿੰਘ ਜੀ ਸਤਿਸੰਗ ਘਰ ਨੂੰ ਛੱਡ ਕੇ ਸੱਚਖੰਡ ਜਾ ਬਿਰਾਜੇ। ਉਨ੍ਹਾਂ ਉਪਰੰਤ ਉਨ੍ਹਾਂ ਦੇ ਛੋਟੇ ਸਪੁੱਤਰ ਸੰਤ ਬਾਬਾ ਸੁਰਿੰਦਰ ਸਿੰਘ ਬਬਲਾ ਇਸ ਅਸਥਾਨ ਦੇ ਮੁੱਖ ਸੇਵਾਦਾਰ ਵੱਜੋਂ ਸੇਵਾ ਨਿਭਾ ਰਹੇ ਹਨ। ਉਨ੍ਹਾਂ ਨੇ ਸੰਤ ਬਾਬਾ ਗੁਰਮੇਲ ਸਿੰਘ ਹੋਰਾਂ ਦੀ ਯਾਦ ਵਿੱਚ ਜੋ ਵਿਸ਼ਾਲ ਇਮਾਰਤ ਤਿਆਰ ਕਰਵਾਈ ਹੈ। ਉਹ ਆਪਣੇ ਆਪ ਵਿੱਚ ਇੱਕ ਮਿਸਾਲ ਹੈ। ਦੁੱਧ ਚਿੱਟੇ ਰੰਗ ਦੀ ਇਹ ਬਾਬਾ ਗੁਰਮੇਲ ਸਿੰਘ ਹੋਰਾਂ ਦੇ ਅੰਗੀਠੇ ਵਾਲੇ ਸਥਾਨ ਤੇ ਬਣੀ ਇਮਾਰਤ ਸੰਗਤਾਂ ਦੀ ਵਿਸ਼ੇਸ਼ ਖਿੱਚ ਤੇ ਸ਼ਰਧਾ ਦੀ ਕੇਂਦਰ ਹੈ। ਸੰਤ ਗੁਰਮੇਲ ਸਿੰਘ ਹੋਰਾਂ ਦੇ ਸਿਰਜੇ ਸੁਪਨਿਆਂ ਨੂੰ ਪੂਰਾ ਕਰਨ ਲਈ ਸੰਤ ਬਾਬਾ ਸੁਰਿੰਦਰ ਸਿੰਘ ਬਬਲਾ ਹੋਰਾਂ ਨੇ ਸੰਤ ਤਰਲੋਕ ਸਿੰਘ ਹੋਰਾਂ ਦੀ ਯਾਦ ਨੂੰ ਸਮਰਪਿਤ ਸੰਤ ਤਰਲੋਕ ਸਿੰਘ ਵਰਲਡ ਸਕੂਲ ਬਣਾਉਣ ਦਾ ਫੈਸਲਾ ਲਿਆ ਹੈ। ਇਸ ਸਕੂਲ ਦੀ ਉਸਾਰੀ ਦਾ ਨੀਂਹ ਪੱਥਰ ਸੰਤ ਗੁਰਮੇਲ ਸਿੰਘ ਹੋਰਾਂ ਦੀ ਪਹਿਲੀ ਬਰਸੀ ਦੇ 14 ਫਰਵਰੀ ਐਤਵਾਰ ਨੂੰ ਹੋ ਰਹੇ ਮੁੱਖ ਸਮਾਗਮ ਦੌਰਾਨ ਪੰਜਾਬ ਦੇ ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਹੋਰਾਂ ਵੱਲੋਂ ਰੱਖਿਆ ਜਾ ਰਿਹਾ ਹੈ। ਸੰਤ ਸੁਰਿੰਦਰ ਸਿੰਘ ਹੋਰਾਂ ਦਾ ਕਹਿਣਾ ਹੈ ਕਿ ਇਹ ਸਕੂਲ ਆਪਣੀ ਮਿਸਾਲ ਆਪ ਹੋਵੇਗਾ। ਇਸ ਵਿੱਚ ਵਿਸ਼ਵ ਸਟੈਂਡਰਡ ਦੀਆਂ ਵਿੱਦਿਅਕ ਸਹੂਲਤਾਂ ਉਪਲੱਬਧ ਹੋਣਗੀਆਂ। ਉਨ੍ਹਾਂ ਇਹ ਵੀ ਦੱਸਿਆ ਕਿ ਸੰਤ ਤਰਲੋਕ ਸਿੰਘ ਤੇ ਸੰਤ ਗੁਰਮੇਲ ਸਿੰਘ ਹੋਰਾਂ ਦੀ ਯਾਦ ਵਿੱਚ ਇਸ ਅਸਥਾਨ ਤੇ ਹੋਰ ਵੀ ਅਨੇਕਾਂ ਸੰਸਥਾਵਾਂ ਦੀ ਉਸਾਰੀ ਕੀਤੀ ਜਾਵੇਗੀ, ਜਿਨ੍ਹਾਂ ਵਿੱਚ ਵਿਸ਼ਾਲ ਲਾਇਬ੍ਰੇਰੀ ਸੰਗੀਤਕ ਵਿੱਦਿਆਲਾ ਆਦਿ ਵੀ ਪ੍ਰਮੁੱਖ ਹਨ। ਇਲਾਕੇ ਦੇ ਲੋਕਾਂ ਨੂੰ ਵੀ ਸੰਤਾਂ ਮਹਾਂਪੁਰਸ਼ਾਂ ਦੀ ਛੋਹ ਪ੍ਰਾਪਤ ਇਸ ਧਰਤੀ ਤੇ ਮਾਣ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਨ੍ਹਾਂ ਦੀ ਭਗਤੀ ਦਾ ਕਾਰਨ ਹੀ ਇਹ ਇਲਾਕਾ ਦੇਸ਼ ਵਿਦੇਸ਼ ਦੀਆਂ ਸੰਗਤਾਂ ਦੀ ਚਰਨ ਛੋਹ ਪ੍ਰਾਪਤ ਕਰਨ ਦਾ ਭਾਗੀ ਬਣਿਆ ਹੈ। ਇੱਥੇ ਸੰਤਾਂ ਮਹਾਂਪੁਰਸ਼ਾਂ ਦੀ ਯਾਦ ਵਿੱਚ ਬਣ ਰਹੀਆਂ ਸੰਸਥਾਵਾਂ ਤੇ ਇਲਾਕੇ ਨੂੰ ਮਾਣ ਹੈ ਤੇ ਇਲਾਕੇ ਦੇ ਹਰ ਵਰਗ ਨੂੰ ਇਨ੍ਹਾਂ ਤੋਂ ਵੱਡਾ ਲਾਭ ਹੋਵੇਗਾ।